੧ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ

# ਸੂਰਾ


ਲੁਧਿਆਣਾ

# SURA

Monthly
Ludhiana

ਜਨਵਰੀ 2000


JANUARY 2000




ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ (ਬਿਹਾਰ)

www.AKJ.Org

# ਨਨਕਾਨਾ ਸਾਹਿਬ (ਪਾਕਿਸਤਾਨ) ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਅਖੰਡ ਕੀਰਤਨ ਸਮਾਗਮਾਂ ਦੀਆਂ ਝਲਕੀਆਂ



ਵਿਸਥਾਰ ਸਹਿਤ ਰਿਪੋਰਟ ਅੰਦਰ ਪੜ੍ਹੋ ਜੀ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੪ ਜਨਵਰੀ ੨੦੦੦ ਅੰਕ ੧

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

(ਪੁਰਾਤਨ ਕੈਲੰਡਰ ਅਨੁਸਾਰ)

| | |
|---|---|
| ਮੇਲਾ ਮਾਘੀ ਮੁਕਤਸਰ | ੧੪ ਜਨਵਰੀ |
| ਪ੍ਰਕਾਸ਼ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੧੪ ਜਨਵਰੀ |
| ਜਨਮ ਦਿਵਸ ਬਾਬਾ ਦੀਪ ਸਿੰਘ ਜੀ ਸ਼ਹੀਦ | ੨੭ ਜਨਵਰੀ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400ਰ: | 4000ਰੁ: |

## ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-੧੩, ਬਲਾਕ-10, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ


- ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ..... ੨
- ਸ਼ਾਹਿ ਸ਼ਾਹਿਨਸ਼ਾਹ ਗੁਰ ਗੋਬਿੰਦ ਸਿੰਘ ..... ੫
- ਗੁਰੂ ਗੋਬਿੰਦ ਸਿੰਘ ਜੀ ਇਤਿਹਾਸਕਾਰਾਂ ਦੀ ਨਜ਼ਰ ਵਿਚ ..... ੯
- ਧੰਨ ਧੰਨ ਪਿਤਾ ਦਸਮੇਸ਼ ਜੀ (ਕਵਿਤਾ) ..... ੧੨
- ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ..... ੧੩
- ਸੁਭ ਕਰਮਨ ਤੇ ਕਬਹੂ ਨ ਟਰੋਂ ..... ੧੬
- Outstanding qualities of Guru Gobind Singh Ji..... ੧੯
- ਮਰਦ ਅਗੰਮੜੇ ਦੀ ਸਖਸ਼ੀਅਤ ..... ੨੩
- ਜਬ ਲਗੁ ਰਸੁ ਤਬ ਲਗੁ ਨਹੀ ਨੇਹੁ ..... ੨੭
- ਆਓ ਆਪਾਂ ਗੁਰੂ ਮਨਾਈਏ (ਕਵਿਤਾ) ..... ੨੯
- ਲਹੂ ਵਿਚ ਡੁੱਬੇ ਸੱਤ ਦਿਹਾੜੇ ..... ੩੧
- ਅਮੋਲਕ ਵਿਚਾਰ ..... ੩੬
- ਸਲੋਕ ਭਗਤ ਕਬੀਰ ਜੀਉ ਦੇ(Translation) ..... ੩੭
- ਕਰਮ ਫ਼ਿਲਾਸਫ਼ੀ ..... ੩੯
- ਸੂਰਾ ਵੱਲੋਂ ਗੁਰਪੁਰਬ ਦਾ ਤੋਹਫ਼ਾ ..... ੪੩
- ਦਸਮ ਪਾਤਸ਼ਾਹ ਦੀ ਆਖ਼ਰੀ ਜੰਗ ..... ੪੪
- ਵੱਖ ਵੱਖ ਸ਼ਹਿਰਾਂ ਵਿਚ ਸੂਰਾ ਦੇ ਸੇਵਾਦਾਰ ..... ੪੫
- ਆਉਣ ਵਾਲੇ ਕੀਰਤਨ ਸਮਾਗਮ ..... ੪੬
- ਨਨਕਾਣਾ ਸਾਹਿਬ ਸਮਾਗਮ ਦੀ ਰੀਪੋਰਟ ..... ੪੮


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ

(ਵਲੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਨੈਨ ਮਿਚ ਰਹੇ ਪਿਖਿ ਝਲਕ ਜ਼ਹੂਰ ਨੂਰ, ਖਿਚਿ ਰਹੀ ਘਟਿ ਤਸਵੀਰ ਅਕਸੀਰੜੀ।
ਅਖੀਆਂ ਉਘੜੀਆਂ ਨਾ ਮੁੜੀਆਂ ਸੁਰਤਿ ਲਿਵ, ਲੱਗ ਰਹੀ ਤਾੜੀ ਜੋਤਿ ਰਸਕਿ ਰਸੀਰੜੀ।
ਪੂਰਿ ਰਹੀ ਦਿੱਬਜ ਜੋਤਿ ਨਭ ਅਤੇ ਨਾਭ ਵਿਖੇ। ਅਧਿਭੁਤ ਝਾਰੀ ਰਸ ਜੋਤ ਬਿਸਮੀਰੜੀ।
ਰਸੀਆ ਰੀਸਾਲੂ ਝਾਲੂ ਰਮਿ ਸੇਜੜੀ ਤੇ ਭੋਗ ਲਾਵੇ। ਆਤਮ-ਅਨੰਦ ਭੋਗ ਗਤਿ ਅਜਬੀਰੜੀ।
ਆਤਮ ਸੰਜੋਗ ਭੋਗ ਸਿਖਨ ਸੁਹਾਗ ਭਾਗ, ਅਖੀ ਅੰਸ਼ ਜਾਗ ਲਾਏ ਤੇਜ ਵਿਦਤਾਏ ਹੈਂ।
ਅਰਧਨ ਸਰਧਾਲੂ ਜੋਤਿ ਜਗਤ ਜਗਾਲੂ ਜਨਾਂ। ਸਨਮੁਖ ਹੋਇ ਦਿਬ ਦਰਸ ਦਿਖਾਏ ਹੈਂ।
ਰਾਵਲ ਰੀਸਾਲੂ ਜਲਵੇਸ਼ ਸੁੰਦਰੇਸ਼ ਸਰੂਪ, ਜੋਤਿ ਪ੍ਰਚੰਡ ਕਹਿ ਆਪ ਪ੍ਰਗਟਾਏ ਹੈਂ।
ਗੁਰਮੁਖ ਅਨਿੰਨ ਸਿਖਨ ਕੋ ਰਿਦੇ ਮਝਾਰ, ਧਾਰਿ ਅਵਤਾਰ ਕਲਗੇਸ਼ ਗੁਰੂ ਆਏ ਹੈਂ।
"ਸਤਿਗੁਰ ਮੇਰਾ ਸਦਾ ਸਦਾ, ਨਾ ਆਵੈ ਨਾ ਜਾਇ।
ਉਹ ਅਬਿਨਾਸੀ ਪੁਰਖੁ ਹੈ,ਸਭਿ ਮਹਿ ਰਹਿਆ ਸਮਾਇ।'

ਇਸ ਉਪਰਲੇ ਗੁਰਵਾਕ, ਦੇ ਭਾਵ ਅਨੁਸਾਰ ਸਤਿਗੁਰੂ ਮੇਰਾ, ਹਾਂ ਜੀ । ਮੇਰਾ ਨਾਨਕ ਦਸਮੇਸ਼, ਗੁਰੂ ਜਗਤੇਸ਼' ਦਸਮੇਸ਼ ਗੁਰੂ, ਜਗਤਿ ਗੁਰੂ ਨਾਨਕ ਕਲਗੇਸ਼ ਗੁਰੂ, ਸਦਾ ਸਦਾ ਹਾਜ਼ਰ ਹਜ਼ੂਰ, ਜ਼ਾਹਰ ਜ਼ਹੂਰ, ਸਭ ਮੇਂ ਭਰਪੂਰ ਸਾਖਸ਼ਾਤ ਨੂਰੋ ਨੂਰ ਹੈ। ਸਦਾ ਹਾਜ਼ਰ ਹੈ। ਆਵਣ ਜਾਣ ਦੀ ਕੈਦ ਤੋਂ ਸਦਾ ਬਾਹਰ ਹੈ। 'ਏਕੈ ਆਵਨ ਫਿਰਿ ਜੋਨਿ ਨ ਆਇਆ' ਦੇ ਭਾਵ ਅਨੁਸਾਰ ਕੇਵਲ ਇਕ ਵਾਰ ਸਤਿਗੁਰੂ ਸੰਸਾਰ ਵਿਖੇ ਮਾਨੁਖ ਜਾਮੇ ਵਿਚ ਅਵਤਾਰ ਧਾਰ ਕੇ ਆਇਆ, ਤਾਂ ਸਿਰਫ਼ 'ਜੀਅ ਦਾਨ ਦੇਇ ਭਗਤੀ ਲਾਇਨਿ' ਨਮਿਤ ਸਚਾ ਪਰਉਪਕਾਰੀ ਬਣ ਕੇ ਆਇਆ। ਬਹੁੜਿ ਅਜਿਹੀ ਆਵਣੀ ਦੀ ਲੋੜ ਉਸ ਨੂੰ ਨਹੀਂ ਰਹੀ। ਜੋਤੀ ਜੋਤਿ ਸਮਾਇ ਕੇ ਉਹ ਅਬਿਨਾਸ਼ੀ ਪੁਰਖ ਹੀ ਰਿਹਾ। ਸਭਿ ਮੇਂ ਸਮਾਇ ਰਿਹਾ ਅਬਿਨਾਸ਼ੀ ਪੁਰਖ ਹੈ । ਸਦਾ ਹਾਜ਼ਰ ਨਾਜ਼ਰ ਅਬਿਨਾਸ਼ੀ ਪੁਰਖ ਹੈ। ਜੋਤਿ ਜਾਮੇ ਵਿਚ ਪ੍ਰਗਟ ਹੋਇਆ ਅਨਿੰਨ ਸ਼ਰਧਾਲੂ ਗੁਰਮੁਖ ਜਨਾਂ ਨੂੰ ਦਿੱਬ ਦਰਸ਼ਨ ਦਿਖਾਇ ਕੇ ਨਿਹਾਲ ਨਿਹਾਲ ਕਰਨਹਾਰਾ ਹੈ। ਉਸ ਨੂੰ ਬਹੁੜ ਮਾਨੁਸ਼ ਜਾਮਾ ਧਾਰਨ ਦੀ ਲੋੜ ਨਹੀਂ। ਮਾਨੁਸ਼ ਜਾਮੇਂ ਵਿਚ ਅਵਤਾਰ ਧਾਰਨ ਦੀ ਲੋੜ ਨਹੀਂ। ਜਹਿ ਜਹਿ ਅਵਸਰ ਆਇ ਬਨਿਓ ਹੈ ਤਹਾਂ ਅਨਿੰਨ ਅਭਿਆਸੀ ਜਨਾਂ, ਜੋਤਿ ਵਿਗਾਸੀ ਜਨਾਂ ਦੇ ਹਿਰਦਿਆਂ ਅੰਦਰਿ ਪ੍ਰਚੰਡ ਜੋਤਿ-ਮਈ ਅਵਤਾਰ ਧਾਰ ਕੇ ਦਰਸ ਦਿਖਾਂਵਦਾ ਆਇਆ ਹੈ।

ਜੋਤੀ ਜੋਤਿ ਸਮਾਉਣ ਦੇ ਸਮੇਂ ਤੋਂ ਹੀ ਸਦਾ ਸਦਾ ਪਰਤਖ ਦੀਦਾਰ ਜਲਵੇ ਆਪਣੇ ਜਾਗਤ ਜੋਤਿ ਜਪਣਹਾਰ ਖ਼ਾਲਸ ਗੁਰਮੁਖ ਜਨਾਂ ਨੂੰ ਦਿਖਾਉਂਦਾ ਆਇਆ ਹੈ ਅਤੇ ਦਿਖਾਉਂਦਾ ਰਹੇਗਾ। ਮੁੜ ਮਨੁੱਖ ਜਾਮੇ ਅਵਤਾਰ ਧਾਰਨ ਦਾ, ਗੁਰੂ ਅਵਤਾਰ ਧਾਰਨ ਦਾ ਸਿਲਸਿਲਾ ਹੀ ਸ੍ਰੀ ਦਸਮੇਸ਼ ਜੀ ਨੇ ਮੁਕਾ ਦਿਤਾ। ਭੂਤ ਭਵਿਖਤ ਦੇ ਜਾਨਣਹਾਰ ਅੰਤਰਜਾਮੀ ਸ੍ਰੀ ਗੁਰੂ ਕਲਗੀਧਰ ਸਾਹਿਬ ਨੇ ਇਹ ਵੀਚਾਰ ਕੇ ਕਿ ਕਲਜੁਗ ਵਿਖੇ ਅਗੇ ਨੂੰ 'ਘਰਿ ਘਰਿ ਹੋਇ ਬਹੇਗੋ ਰਾਮਾ' ਵਾਲਾ ਫਸਤਾ ਹੀ ਵਢ ਦਿਤਾ। ਸ੍ਰੀ ਗੁਰੂ ਦਸਮੇਸ਼ ਜੀ ਦੇ ਇਸ ਇੰਦੀਏ ਤੋਂ ਅਜਾਣ ਪੁਰਸ਼, ਕਈ ਅਣਭੋਲ ਸਿਖ ਵੀ ਜਦੋਂ ਇਹ ਕਹਿੰਦੇ ਸੁਣੀਂਦੇ ਹਨ ਕਿ ਗੁਰੂ ਸਾਹਿਬ ਫਿਰ ਦੇਹ ਧਾਰ ਕੇ ਆਉਣਗੇ ਤਾਂ ਉਨ੍ਹਾਂ ਦੇ ਇਸ ਅਣਜਾਣਪੁਣੇ ਤੇ ਹਾਸਾ ਭੀ ਆਉਂਦਾ ਹੈ ਅਤੇ ਤਰਸ ਭੀ ਆਉਂਦਾ ਹੈ। ਪਰ ਅਫ਼ਸੋਸ ਹੈ ਤਾਂ ਇਹ ਹੈ ਕਿ ਗੁਰੂ ਦਸਮੇਸ਼ ਜੀ ਨੇ ਜਿਤਨਾ ਭੀ ਅਸਾ ਨੂੰ ਇਸ ਖ਼ਿਆਲ ਤੋਂ ਵਰਜਿਆ ਉਤਨੀ ਹੀ ਬਹੁਤੀ ਇਹ ਇਲਤ-ਮਈ ਮਰਜ਼ ਦਿਨੋਂ ਦਿਨ ਸਾਡੇ ਅੰਦਰ ਜ਼ੋਰਾਂ ਨਾਲ ਪ੍ਰਵੇਸ਼ ਕਰਦੀ ਜਾ ਰਹੀ ਹੈ। ਨਿਤ ਆਏ ਦਿਨ, ਨਿਤ ਨਵੇਂ ਦਿਨ ਇਹ ਸੁਣੀਦਾ ਹੈ ਤੇ ਸੁਣ ਕੇ ਸ਼ਰਮਸ਼ਾਰ ਹੋਈਦਾ ਹੈ ਕਿ ਅਮਕੀ ਜਗ੍ਹਾ ਅਮਕੇ ਦੇਹਧਾਰੀ ਗੁਰੂ ਨੇ ਅਵਤਾਰ ਧਾਰਿਆ ਹੈ। ਅਮਕੇ ਧਿਮਕੇ ਕੱਚ-ਘਰੜ ਖ਼ਿਆਲਾਂ ਵਾਲੀਆਂ ਗੱਲਾਂ ਗੁਰਮਤਿ ਦੇ ਵਿਰੁਧ ਤੇ ਸ੍ਰੀ ਦਸਮੇਸ਼ ਜੀ ਦੇ ਆਸ਼ੇ ਤੋਂ ਉਲਟ ਹਨ। ਪਰ ਇਹ ਉਪਜਦੀਆ ਉਨ੍ਹਾਂ ਨੂੰ ਹੀ ਹਨ ਜੋ ਗੁਰਮਤਿ ਨਾਮ ਅਭਿਆਸ ਕਮਾਈ ਤੋਂ ਘੁਥੇ ਹੋਏ ਮਨਮੁਖੀਏ ਹਨ।


www.AKJ.Org

ਜਿਨ੍ਹਾਂ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਗੁਰਮਤਿ ਨਾਮ ਦੀ ਅਨਿੰਨ ਕਮਾਈ ਦੁਆਰਾ ਗੁਰੂ ਜੋਤਿ ਦੇ ਪ੍ਰਤਖ ਪ੍ਰਕਾਸ਼ ਦੀ ਪਾਰਸ-ਕਲਾ ਜ਼ਾਹਰਕਲਾ ਵਰਤੀ ਹੈ, ਤਿਨ੍ਹਾਂ ਨੂੰ ਗੁਰੂ ਹਰ ਦਮ ਹਾਜ਼ਰ ਨਾਜ਼ਰ ਦਿਸਦਾ ਹੈ। ਤਾਂ ਘਟ ਵਧ ਅਭਿਆਸ ਕਮਾਈ ਅਨੁਸਾਰ ਕਿਤੇ ਲੁਕਣਮੀਟੀ ਜੋਤਿ ਜਲਵੇ ਦਿਖਾਉਂਦਾ ਹੈ ਅਤੇ ਕਿਤੇ ਸਦ-ਵਿਗਾਸੀ ਦਰਸ਼ਨਾਂ ਦਾ ਮੀਂਹ ਵਰਸਾਉਂਦਾ ਹੈ। ਹਰ ਹਾਲਤ ਵਿਚ ਸ਼ਰਧਾਵਾਨ ਜੋਤਿ ਵਿਗਾਸੀ ਗੁਰਸਿਖਾਂ ਤਾਂਈਂ ਇਹ ਘਾਟ ਕਦੇ ਵੀ ਪ੍ਰਤੀਤ ਨਹੀਂ ਹੁੰਦੀ ਕਿ ਸਤਿਗੁਰੂ ਹੈ ਨਹੀਂ। ਉਹ ਤਾਂ ਸਦਾ ਸਦਾ, ਸਤਿਗੁਰੂ ਮੇਰਾ ਸਦਾ ਸਦਾ ਤਿਨ੍ਹਾਂ ਦਿਬਦਰਸੀ ਆਤਮ-ਨੈਣਾਂ ਨੂੰ ਨਜ਼ਰੀ ਆਉਂਦਾ ਹੈ ਤਾਂ ਹੀ ਤਾਂ ਇਹ ਹਰਦਮ ਚੜ੍ਹਦੀ ਕਲਾ ਵਿਚ ਰਹਿੰਦੇ ਹਨ।

ਨਾਮ ਅਭਿਆਸ ਦੇ ਘਾਟੇ ਵਾਲੇ ਪੁਰਸ਼ਾਂ ਨੂੰ ਇਹ ਚੜ੍ਹਦੀ ਕਲਾ ਕਿਥੇ ? ਉਹ ਤਾਂ ਘਟੀਅਲ ਖ਼ਿਆਲਾਂ ਦੀ ਨਿਘਰਦੀ ਕਲਾ ਵਿਚ ਹੀ ਸੜੀਅਲ ਜਨਮ ਬਿਤੀਤ ਕਰਦੇ ਹਨ। ਕਦੇ ਕਿਸੇ ਦਾ ਆਸਰਾ ਤਕਦੇ ਹਨ, ਕਦੇ ਕਿਸੇ ਦੀ ਓਟ ਤਰਾਉਂਦੇ ਹਨ। ਪਰ ਆਪਣੇ ਨਿਜ ਅਸਲੇ ਵਲ ਨਹੀਂ ਆਉਂਦੇ। ਸਭ ਤੋਂ ਬਹੁਤੀ ਨਿਰਾਸਤਾ ਵਾਲੀ ਗੱਲ ਹੈ ਤਾਂ ਇਹ ਹੈ ਕਿ ਸਦਾ ਆਪਣੇ ਖ਼ਾਲਸੇ ਨੂੰ ਪ੍ਰਚੰਡ ਕਲਾ ਜਗਦੀ ਜੋਤਿ ਦੇ ਚੜ੍ਹਦੇ ਰੰਗ ਵਿਚ ਰਖਣ ਵਾਲੇ ਸ੍ਰੀ ਦਸਮੇਸ਼ ਜੀ ਦੇ (ਅਖਾਉਤੀ) (So called) ਸਿਖ ਆਪਣੇ ਉਹ ਖ਼ਾਲਸਈ ਆਦਰਸ਼ਾਂ ਤੋਂ ਗੁਮਰਾਹ ਹੋ ਕੇ ਬੁਤ-ਪ੍ਰਸਤ ਮਤ-ਮਤਾਂਤਰੀ ਆਨਿ-ਮਤੀ ਆਗੂਆ ਦੇ ਪੈਰੋਕਾਰ ਬਣਦੇ ਚਲੇ ਜਾ ਰਹੇ ਹਨ। ਜਿਸ ਦਾ ਸਿੱਟਾ ਇਹ ਹੋ ਰਿਹਾ ਹੈ ਸਤਿਗੁਰੂ ਦਸਮੇਸ਼ ਜੀ ਦਾ ਤੇਜ ਗੁਆ ਰਹੇ ਹਨ ਤੇ ਗੀਦੀ ਬਣ ਰਹੇ ਹਨ। ਬੜੇ ਤੋਂ ਬੜਾ ਪ੍ਰਸਿੱਧ ਆਗੂ ਕਹਾਉਣ ਵਾਲੇ ਭੀ ਅਸਲ ਅਸੂਲਾਂ ਤੇ ਦ੍ਰਿੜ੍ਹ ਨਹੀਂ ਰਹਿੰਦੇ, ਉਹਨਾਂ ਦਾ ਕੋਈ ਅਸੂਲ ਹੀ ਨਹੀਂ। ਇਕ ਅਸੂਲ ਨੂੰ ਬਣਾਉਂਦੇ ਹਨ ਤੇ ਇਕ ਨੂੰ ਢਾਹੁੰਦੇ, "ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ" ਦੀਆਂ ਬੜ੍ਹਕਾਂ ਮਾਰਨ ਵਾਲੇ 'ਪੰਥ ਕੀ ਜੀਤ' ਮਈ ਖ਼ਾਲਸਾ ਪੰਥ ਐਨਟਿਟੀ (Entily) ਦੀਆਂ ਟਾਹਰਾਂ ਛਡਣ ਵਾਲੇ ਭੀ ਅਜ ਹਾਰੇ ਹੋਏ ਪਾਲੇਟੀਸ਼ਨਾ ਦੇ ਕਮਜ਼ੋਰ ਮੰਗਤਿਆਂ ਵਾਙੂ ਮੰਗ ਰਹੇ ਹਨ। ਓਹਨਾਂ ਅੱਵਲ ਪੰਥੀਆਂ ਦੀ ਨਿਰੋਲ ਪੰਥਕ ਨਿਰੋਲਤਾ ਜਣਾਉਣ ਵਾਲੀ ਟਾਹਰ ਕਿਥੇ ਗਈ ? ਉਨ੍ਹਾਂ ਨੂੰ ਖ਼ਾਲਸਈ ਨਾਹਰਿਆਂ ਤੇ ਵਿਸ਼ਵਾਸ਼ ਨਹੀਂ ਰਿਹਾ, *"ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥"* ਵਾਲੇ ਸ੍ਰੀ ਦਸਮੇਸ਼ ਮੁਖਵਾਕ ਤੇ ਭਰੋਸਾ ਹੀ ਨਹੀਂ ਰਿਹਾ। ਉਹ ਹੁਣ ਅਨਮਤੀ ਹਿੰਦੂਆਂ ਦੀ ਹਮਾਇਤ ਲੈਣ ਨੂੰ ਬੜਾ ਫ਼ਖ਼ਰ ਸਮਝਦੇ ਹਨ। ਉਹ ਮੁੜ ਹਿੰਦੂਆਂ ਵਿਚ ਮਿਲਗੋਭਾ (Amalgamate) ਹੋ ਕੇ ਮਲੀਆਮੇਟ ਹੋਣ ਤੇ ਲੱਕ ਬੰਨ੍ਹੀ ਬੈਠੇ ਹਨ। ਤੇ ਇਸ ਗੁਰਮਤਿ-ਹੀਣੀ ਗਲ ਨੂੰ ਜਿਤਲਾਉਣਾ ਬੜੀ ਬੀਰਤਾ ਭਰੀ ਸਿਆਣਪ ਸਮਝਦੇ ਹਨ ਕਿ ਸਿਖ ਹਿੰਦੂਆਂ ਵਿਚੋਂ ਹੀ ਨਿਕਲੇ ਹਨ। ਉਹਨਾਂ ਨੂੰ ਇਸ ਗੱਲ ਦੇ ਹਾਮੀ ਹੋਣ ਵਿਚ ਰੰਚਕ ਭੀ ਲੱਜਾ ਨਹੀਂ ਆਉਂਦੀ। ਉਹਨਾਂ ਨੂੰ ਇਸ ਗੱਲ ਦੀ ਪ੍ਰਤੀਤ ਹੀ ਨਹੀਂ ਆਉਂਦੀ ਕਿ ਖ਼ਾਲਸਾ ਕੌਮ ਲਈ ਸਿਖ ਜਨਤਾ ਗੁਰੂ ਨਾਨਕ ਸਾਹਿਬ ਦੀ ਕੁਖ ਵਿਚੋਂ ਨਿਕਲੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੀ ਗੋਦ ਵਿਚ ਪਲੀ ਹੈ। ਹਿੰਦੂਆਂ ਵਿਚੋਂ ਨਿਕਲੇ ਆਖਣ ਵਾਲੇ ਖ਼ੁਦ ਹਿੰਦੂ ਹਨ ਅਤੇ ਹਿੰਦੂ ਕੌਮ ਦੇ ਹਾਮੀ ਹਨ। ਹਿੰਦੂ ਇਕ ਗੁਲਾਮ ਕੌਮ ਹੈ। ਧੁਰ ਤੋਂ ਗੁਲਾਮ ਹੀ ਚਲੀ ਆਉਂਦੀ ਹੈ, ਅਜਿਹੀ ਗੁਲਾਮ ਕੌਮ ਦੀ ਸ਼ਫਾਅਤ ਢੂੰਡਣ ਵਾਲੇ ਲੋਕ ਗੁਲਾਮਾਂ ਦੇ ਗੁਲਾਮ ਹਨ। ਉਨ੍ਹਾਂ ਨੂੰ ਚੜ੍ਹਦੀ ਗਲਾ ਕਿਥੇ ? ਤਿਨ੍ਹਾਂ ਨੂੰ, 'ਸਿਰ ਊਪਰ ਠਾਡਾ ਗੁਰ ਸੂਰਾ" ਨਜ਼ਰ ਹੀ ਨਹੀਂ ਆਉਂਦਾ। ਤਿਨ੍ਹਾਂ ਦੇ ਕਾਰਜ ਕਿਥੋਂ ਅਤੇ ਕਿਵੂੰ ਪੂਰੇ ਹੋਣੇ ਹਨ ?

ਸਤਿਗੁਰੂ ਤਿਨ੍ਹਾਂ ਦਾ ਹੀ ਸਹਾਈ ਹੁੰਦਾ ਹੈ ਜੋ ਸਤਿਗੁਰੂ ਸੂਰਮੇ ਨੂੰ ਸਦਾ ਸੀਸ ਉਤੇ ਕਾਇਮ ਜਾਣਦੇ ਹਨ। ਤਿਨ੍ਹਾਂ ਚੜ੍ਹਦੀ ਕਲਾ ਵਾਲੇ ਸਿੰਘ ਸੂਰਮਿਆਂ ਦੇ ਸੀਸ ਉਤੇ ਛਿਆਨਵੇਂ ਕਰੋੜ ਗੁਰੂ ਦੀਆਂ ਗੁਪਤ ਸ਼ਹੀਦੀ ਫ਼ੌਜ਼ਾਂ ਸਾਵਧਾਨ ਹੋ ਕੇ ਸਦਾ ਪਹਿਰਾ ਦਿੰਦੀਆਂ ਹਨ। ਅਜਿਹੇ ਸਿੰਘਾਂ ਸੂਰਮਿਆਂ ਦੇ ਆਤਮਾ ਅੰਦਰ ਹੀ ਗੁਰੂ ਕੀ ਸੂਰਮਤਕਲਾ ਵਰਤਦੀ ਹੈ। ਅਜਿਹੇ ਕਲਾਧਾਰੀ ਸੂਰਮੇ ਸਿੰਘਾਂ ਅੰਦਰ ਗੁਰੂ ਨੇ ਆਪ ਵਰਤਣਾ ਹੈ। ਜਦੋਂ ਨੇੜੇ ਤੇੜੇ ਇਹ ਸਮਾ ਢੁਕ ਆਇਆ ਤੇ ਖ਼ਾਲਸਾ ਕੌਮ ਅੰਦਰਿ ਇਸ ਜਾਹਿਰੀ ਕਲਾ ਦਾ ਪ੍ਰੱਤਖ ਜ਼ਹੂਰ ਪੁਰ-ਨੂਰ ਵਰਤ ਗਿਆ, ਉਸ ਛਿਨ ਅੰਦਰਿ ਤੱਤਕਾਲ ਹੀ ਖ਼ਾਲਸਈ ਹਲੇਮੀ ਰਾਜ ਹੋ ਜਾਏਗਾ। ਜ਼ਰੂਰ


www.AKJ.Org

ਹੋਏਗਾ । ਹੋ ਕੇ ਰਹੇਗਾ। ਸ੍ਰੀ ਖੜਗੇਸ਼ ਗੁਰੂ, ਸਤਿਗੁਰੂ ਦਸਮੇਸ਼ ਜੀ ਦੀ ਜ਼ਾਹਿਰ ਕਲਾ ਵਰਤੇਗੀ। ਉਸ ਦਾ ਜ਼ਹੂਰ ਘਟਿ ਘਟਿ ਅੰਦਰ ਅਵਿਤਰੇਗਾ। ਇਉਂ ਗੁਰੂ ਅਵਤਾਰ ਧਾਰਨ ਤੱਤ ਆਦਰਸ਼ੀ ਅਰਥ ਜ਼ਹੂਰ ਪਜ਼ੀਰ ਹੋਣਗੇ।

ਖ਼ਾਲਸਾ ਜੀ ਦੀ ਫ਼ਤਹ ਖੜਗ ਦੇ ਆਸਰੇ ਹੈ, ਨਾਮ ਖੰਡੇ ਦੇ ਆਸਰੇ। ਏਸੇ ਨਾਮ-ਖੰਡੇ ਨੇ ਜੋਤਿ-ਤੇਜਸੀ ਖੰਡਾ ਬਣ ਜਾਣਾ ਹੈ। ਏਸੇ ਜੋਤਿ-ਤੇਜਸੀ ਖੰਡੇ ਦੇ ਖੜਕਾਉਣ ਲਈ ਸ੍ਰੀ ਖੜਗੇਸ਼ ਗੁਰੂ ਦਸਮੇਸ਼ ਜੀ ਨੇ ਖ਼ਾਲਸਾ ਕੌਮ ਨੂੰ ਸਾਜਿਆ ਹੈ। ਏਸੇ ਖੜਗੇਸ਼ ਖੰਡੇ ਦਾ ਨਾਮ ਭਗਉਤੀ ਹੈ। ਜਿਸ ਦੀ ਟੇਕ ਵਿਚ, ਜਿਸ ਦੀ ਗੋਦ ਵਿਚ ਖ਼ਾਲਸੇ ਨੇ ਰਹਿਣਾ ਹੈ। ਜਿਸ ਭਗਉਤੀ ਰੂਪ ਖੜਗ ਖੰਡੇ ਨੂੰ ਖ਼ਾਲਸਾ ਜੀ ਨੇ ਸਦਾ ਗੋਦ ਵਿਚ ਰਖਣਾ ਹੈ, ਸੀਸ ਤੇ ਰਖਣਾ ਹੈ। ਸੀਸ ਤੇ ਸਤਿਕਾਰਨਾ ਹੈ, ਸੀਸ ਤੇ ਨਮਸਕਾਰਨਾ ਹੈ, ਸੁਆਸ ਸੁਆਸ ਚਿਤਾਰਨਾ ਹੈ। ਹਰ ਅੜੇ ਸਮੇਂ, ਦੁਖ ਸੁਖ ਸਮੇਂ, ਸਾਸ ਗ੍ਰਾਸ ਭਗਉਤੀ ਨੂੰ ਆਪਣਾ ਆਦਰਸ਼ ਵਿਲਖਣੀ ਉਦੇਸ਼ ਬਣਾ ਕੇ ਸਲਾਹੁਣਾ ਹੈ। ਅਰਦਾਸੇ ਵਿਚ ਅਰਦਾਸਾਉਣਾ ਹੈ। ਸਭ ਤੋਂ ਪ੍ਰਿਥਮ ਇਸ ਭਗਉਤੀ ਨੂੰ ਹੀ ਮੁਖ ਰਖ ਕੇ ਸਾਰੇ ਕਾਰਜ ਕਰਨ ਦੀ ਅਰਦਾਸ ਸੰਭਾਲਣੀ ਸੰਵਾਰਨੀ ਹੈ। ਸ੍ਰੀ ਦਸਮੇਸ਼ ਜੀ ਨੇ ਇਹ ਅਰਦਾਸ ਸਾਨੂੰ ਸਿਖਲਾਈ । ਅਰਦਾਸ ਵਿਚ 'ਪ੍ਰਿਥਮ ਭਗਉਤੀ' ਪਦ ਉਚਾਰ ਉਚਰਾਇ ਕੇ, ਕੋਈ ਦੇਵੀ ਪੂਜਾ ਨਹੀਂ ਦ੍ਰਿੜਾਈ। ਐਸਾ ਖ਼ਿਆਲ ਸਿਰਫ ਕੰਬਖਤ ਤੇ ਕੱਚਘਰੜ ਖ਼ਿਆਲੀਆਂ ਦਾ ਹੈ ਕਿ ਸ੍ਰੀ ਦਸਮੇਸ਼ ਜੀ ਦੀ ਦ੍ਰਿੜਾਈ ਭਗਉਤੀ ਦੇਵੀ ਹੈ। ਖ਼ਾਲਸਈ ਅਰਦਾਸੇ ਵਿਚ ਚੜ੍ਹਦੀ ਕਲਾ ਵਿਚ ਕੇਵਲ ਖੜਗ ਰੂਪ ਭਗਉਤੀ ਸਰੂਪ ਵਿਚ ਹੀ ਹੈ। ਨਹੀਂ ਤਾਂ ਨਿਰੀ ਢਹਿੰਦੀ ਕਲਾ ਹੈ।

ਭਗਉਤੀ ਪਦ ਦੇ ਇਸ ਉੱਚ ਆਦਰਸ਼ੀ ਸ੍ਰੀ ਦਸਮੇਸ਼ ਅਰਦਾਸ ਉਦੇਸ਼ ਤੋਂ ਊਣੇ ਤੇ ਮੁਨਹਰਫ ਬੇਮੁਖ ਲੋਗ ਸਦਾ ਢਹਿੰਦੀ ਅਤੇ ਨਿਘਰਦੀ ਕਲਾ ਵਿਚ ਹੀ ਰਹਿਣਗੇ। ਉਨ੍ਹਾਂ ਨੂੰ ਨਾ ਰਾਜ ਭਾਗ ਪ੍ਰਾਪਤ ਹੋਣਾ ਹੈ, ਨਾ ਉਨ੍ਹਾਂ ਦਾ ਪ੍ਰਮਾਰਥ ਸੰਵਰਨਾ ਹੈ, ਨਾ ਉਨ੍ਹਾਂ ਦਾ ਕੋਈ ਕਾਰਜ ਰਾਸ ਹੋਣਾ ਹੈ।

ਸ੍ਰੀ ਦਸਮੇਸ਼ ਜੀ ਦੇ ਸਿਖਾਂ ਪ੍ਰਤੀ ਸ੍ਰੀ ਮੁਖ ਵਾਕ ਅਰਦਾਸ ਦਾ ਧੁਰਵਾ ਇਉਂ ਬੰਨ੍ਹ ਕੇ ਦਿਖਾਉਂਦੇ ਹਨ, ਸਿਖਾਉਂਦੇ ਹਨ। ਸਭ ਤੋਂ ਪਹਿਲਾਂ ਪਰ-ਉਪਕਾਰ ਦੀ ਸੂਰਮਤਾ ਭਿੰਨੀ ਔਜ ਮੌਜ ਵਿਚ ਚੜ੍ਹਦੀ ਕਲਾ ਦੀ ਸਪਿਰਟ-ਜਗਾਇਨੀ-ਖੜਗ, ਖੰਡੇ ਮਈ ਭਗਉਤੀ ਨੂੰ ਸਨਮੁਖ ਅਰਥ ਚਿਤਾਇੰਦੇ ਹਨ। ਇਸ ਚਿਤਵਨੀ ਨੂੰ ਹੀ ਪ੍ਰਿਥਮ ਭਗਉਤੀ ਸਿਮਰਨਾ ਦਸਦੇ ਹਨ। ਇਸ ਸਿਮਰਨ ਨੂੰ ਮੁਖ ਮੰਤਵ ਰਖਦੇ ਹੋਏ ਫ਼ੁਰਮਾਉਂਦੇ ਹਨ ਕਿ 'ਗੁਰੂ ਨਾਨਕ ਲਈਂ ਧਿਆਇ', ਹੇ ਅਰਦਾਸ ਕਰਨ ਹਾਰੇ ਤੂੰ ਧਿਆਇ ਲਈਂ। 'ਲਈਂ' ਦੀ ਈੜੀ ਨੂੰ ਜੋ ਬਿਹਾਰੀ ਹੈ, ਉਹ ਬਿੰਦੇ ਸੰਯੁਕਤ ਹੈ। ਇਸ ਬਿਧ ਗੁਰੂ ਨਾਨਕ ਦੇ ਦਸੇ ਜਾਮਿਆਂ ਨੂੰ ਅਰਦਾਸ ਵਿਚ ਧਿਆਉਣਾ ਹੈ, ਚੜ੍ਹਦੀ ਕਲਾ ਵਿਚ ਧਿਆਉਣਾ ਹੈ। ਨਿਰਭੈ ਹੋ ਕੇ ਧਿਆਉਣਾ ਹੈ, ਖ਼ਾਲਸਈ ਸ਼ਾਂਤ-ਬੀਰਤਾ ਭਰੀ ਸਪਿਰਟ ਵਿਚ ਧਿਆਉਣਾ ਹੈ। ਗੀਦੀਆਂ ਵਾਲੀ ਮੁਰਦਾ ਸ਼ਾਂਤਮਈ ਨੂੰ ਪਰਹਰਨ ਤੇ ਪਰਹਰਾਉਣ ਲਈ ਇਹ ਖ਼ਾਲਸਈ ਅਰਦਾਸ ਹੈ। ਖ਼ਾਲਸਈ ਨਾਅਰੇ ਜੈਕਾਰੇ ਭੀ ਸਾਰੇ ਇਸ ਬੀਰਤਾ ਭਰਪੂਰ (ਲੀਣੀ) ਸਪਿਰਟ ਵਿਚ ਉਚਾਰੇ ਜਾਂਦੇ ਹਨ। ਰੋਮ-ਰੋਮ੍ਰ ਅੰਦਰ ਜਾਗਤਿ ਜੋਤਿ ਨੂੰ ਘਟਿ ਸਪਿਰਟ ਨੂੰ ਉਭਾਰਨਾ, ਪੂਰਨ ਜਾਗਤਿ ਜੋਤਿ ਨੂੰ ਘਟਿ ਭੀਤਰ ਜਗਾਉਣਾ ਹੈ। ਇਉਂ ਨਿਰੋਲ ਖ਼ਾਲਸਾ ਸਦਵਾਣਾ ਹੈ। ਬਸ ਨਿਰੋਲ ਖ਼ਾਲਸੇ ਨੂੰ ਸਦਾ ਸ੍ਰੀ ਖ਼ਾਲਸ਼ੇਸ਼ ਦਸਮੇਸ਼ ਜੀ ਨੂੰ ਸਾਂਗੋ ਪਾਂਗ ਪੇਖਣਾ ਨਿਰਖਣਾ ਹੈ।

ਸਤਿਗੁਰੂ ਦਸਮੇਸ਼ ਜੀ ਨੂੰ ਸਾਂਗੋ ਪਾਂਗ ਅੰਗਿ ਸੰਗਿ ਨਿਰਖਣ ਪੇਖਣਹਾਰੇ ਖ਼ਾਲਸਾ ਜੀ ਨੇ ਕਦੇ ਕਿਸੇ ਅਨਿ ਮਤਿ ਕੌਮ ਦਾ ਦੁਬੈਲ ਨਹੀਂ ਹੋਣਾ। ਇਸ ਦੁਬੈਲਤਾ ਦੀ ਕੁਰੀਝ ਰੀਤ, ਕੁਰੀਤ ਜਿਨ੍ਹਾ ਸਿਖ ਸਦਾਵਣ-ਹਾਰੇ ਪ੍ਰਾਣੀਆਂ ਅੰਦਰਿ ਵਰਤਦੀ ਹੈ, ਤਿਨ੍ਹਾ ਪ੍ਰਾਣੀਆਂ ਪ੍ਰਥਾਇ ਹੀ ਸਤਿਗੁਰੂ ਨੇ ਫ਼ੁਰਮਾਇਆ ਹੈ ਕਿ 'ਮੈਂ ਨ ਕਰਉਂ ਇਨ ਕੀ ਪ੍ਰਤੀਤ'। ਤਿਨ੍ਹਾਂ ਦੁਬੈਲ ਪੰਥੀਆਂ ਦੇ ਰਾਜ ਸਾਜ ਵੀ ਸਭ ਖੁਸ ਜਾਣੇ ਹਨ, ਆਨ ਸ਼ਾਨ ਆਬਰੂਈਆਂ ਵੀ ਸਭ ਮੁਸਿ ਜਾਣੀਆਂ ਹਨ। ਫ਼ੈਜਯਾਬ ਤਿਨ੍ਹਾਂ ਨੇ ਤਦੋਂ ਹੀ ਹੋਣਾ ਹੈ ਜਦੋਂ ਮੁੜ ਕੇ ਫੇ ਰ ਗੁਰੂ ਨਾਨਕ ਦਸਮੇਸ਼ ਜੀ ਦਾ ਆਸਰਾ ਪਰਨਾ ਤਿਨ੍ਹਾਂ ਨੇ ਲੈਣਾ ਹੈ।

ਦੇਗ ਤੇਗ ਫ਼ਤਹ ਨੁਸਰਤ ਬੇਦਰੰਗ।। ਯਾਫ਼ਤ 'ਅਜ ਨਾਨਕ ਗੁਰੂ ਗੋਬਿੰਦ ਸਿੰਘ।।



www.AKJ.Org

# ਸ਼ਾਹਿ ਸ਼ਾਹਿਨਸ਼ਾਹ ਗੁਰ ਗੋਬਿੰਦ ਸਿੰਘ

(ਪ੍ਰਿੰ: ਸੱਜਣ ਸਿੰਘ ਜੀ)

ਸਤਿਗੁਰ ਸੱਚਾ ਸ਼ਾਹ ਹੈ, ਸ਼ਾਹਾਂ ਦਾ ਸ਼ਾਹ ਸ਼ਾਹਿਨਸ਼ਾਹ ਹੈ। ਸੰਸਾਰਕ ਹੋਛੇ ਸ਼ਾਹ ਗਰੀਬਾਂ ਦਾ ਗਰਜਮੰਦਾਂ ਦਾ ਰੱਤ ਚੂਸ ਕੇ ਆਪਣੀ ਪੱਤ ਬਣਾਉਣ ਵਿੱਚ ਰਹਿੰਦੇ ਹਨ ਤੇ ਉਨਾਂ ਦੀ ਖੁਦਗਰਜ਼ੀ ਨੇਕੀ ਦਾ ਕੰਮ ਨਹੀਂ ਕਰਨ ਦਿੰਦੀ। ਜਿਹੜਾ ਜੀਵ ਧੰਨ, ਦੌਲਤ, ਭੂਮੀ ਤੇ ਰਾਜ ਦਾ ਮਾਲਕ ਹੁੰਦਿਆਂ ਵੀ ਅਤ੍ਰਿਪਤ ਹੈ, ਉਹ ਵਾਸਤਵ ਵਿੱਚ ਭੁੱਖਾ ਹੈ ਤੇ ਸ਼ਾਹ ਅਖਵਾਉਣ ਦੇ ਯੋਗ ਨਹੀਂ। ਭਾਈ ਨੰਦ ਲਾਲ ਸਿੰਘ ਇੱਕ ਸਮੇਂ ਔਰੰਗਜ਼ੇਬ ਦੇ ਦਰਬਾਰ ਵਿੱਚ ਮੁਨਸ਼ੀ ਸੀ ਤੇ ਅਰਬੀ ਤੇ ਫਾਰਸੀ ਦਾ ਬਹੁਤ ਵਿਦਵਾਨ ਸੀ। ਪਰ ਹੋਛੇ ਸ਼ਾਹ ਦੇ ਵਿਤਕਰੇ ਦਾ ਸ਼ਿਕਾਰ ਹੋ ਗਿਆ। ਉਸ ਦੇ ਪੂਰਬਲੇ ਕਰਮਾਂ ਦਾ ਅੰਕੁਰ ਫੁੱਟਿਆ ਤੇ ਉਸਨੂੰ "ਬੇਕਸਾਂ ਰਾ ਯਾਰ ਗੁਰ ਗੋਬਿੰਦ੍ਰ ਸਿੰਘ" ਦੇ ਪਾਵਨ ਦੀਦਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਭਾਈ ਸਾਹਿਬ ਦੇ ਆਪਣੇ ਬਚਨਾਂ ਅਨੁਸਾਰ ਦਸ਼ਮੇਸ਼ ਪਿਤਾ ਇੱਕ ਅਮੋਲਕ ਹੀਰੇ ਦੀ ਪਰਖ ਇੱਕ ਸੱਚਾ ਗੁਰਮੁਖ ਪਿਆਰਾ ਹੀ ਕਰ ਸਕਦਾ ਹੈ ਤੇ ਸਤਿਗੁਰੂ ਦੀ ਕ੍ਰਿਪਾ ਦੁਆਰਾ ਇਸ ਦਾ ਮੁੱਲ ਸਾਡੀ ਅੱਖ ਨੇ ਪਾਇਆ ਹੈ। ਸੱਚੇ ਦਰਬਾਰ, ਸੱਚੀ ਸੰਗਤ ਤੇ ਰੱਬੀ ਸ਼ਖਸੀਅਤ ਨੇ ਉਸ ਦੀ ਸੋਚ ਤੇ ਕਾਇਆ ਹੀ ਪਲਟ ਦਿੱਤੀ।

ਕਦਰ ਲਾਲੇ ਊ ਬਜੁਜ਼ ਆਸ਼ਿਕ ਨਦਾਨਦ ਹੇਚ ਕਸ॥
ਕੀਮਤੇ ਯਾਕੂਤ ਦਾਨਦ ਚਸ਼ਮਿ ਗੌਹਰ ਬਾਰ ਮਾ॥

(ਗਜ਼ਲ ੨ ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)

ਉਸਨੂੰ ਆਪਣੇ ਜੀਵਨ ਵਿੱਚ ਪਹਿਲੀ ਵਾਰ ਅਨੁਭਵ ਹੋਇਆ ਕਿ ਹੋਛੇ ਸ਼ਾਹ ਤੇ ਸੱਚੇ ਸ਼ਾਹ ਵਿੱਚ ਕਿੰਨਾ ਅੰਤਰ ਹੁੰਦਾ ਹੈ। ਉਸ ਦਾ ਮਨ ਸ਼ਰਧਾ ਤੇ ਪ੍ਰੇਮ ਨਾਲ ਭਿੱਜ ਗਿਆ ਤੇ ਤਨ ਸੱਚੀ ਚਾਕਰੀ ਵਿੱਚ ਰੁੱਝ ਗਿਆ। ਉਸ ਦਾ ਹਿਰਦਾ ਜਿਹੜਾ ਕਿ ਪਹਿਲਾ ਸੁੰਨਾ ਤੇ ਖੁਸ਼ਕ ਸੀ, ਗੁਰਦੇਵ ਜੀ ਦੇ ਪਾਵਨ ਦੈਵੀ ਗੁਣਾਂ ਦੀ ਛੁਹ ਸਦਕੇ, ਅਨੋਖੇ ਰੰਗ ਵਿੱਚ ਰੰਗਿਆ ਗਿਆ ਜਿਸ ਦਾ ਪ੍ਰਗਟਾਵਾ ਉਸ ਦੀ ਕਲਮ ਦੁਆਰਾ ਕਲਗੀਧਰ ਪਾਤਸ਼ਾਹ ਦੀ ਉਸਤਤਿ ਦੁਆਰਾ ਹੋਇਆ।

ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ।
ਸ਼ਾਹਿ ਸ਼ਾਹਨਸਾਹ ਗੁਰੁ ਗੋਬਿੰਦ ਸਿੰਘ ॥੧੦੭॥

ਸੱਚੇ ਸ਼ਾਹ ਤੇ ਝੂਠੇ ਸ਼ਾਹ •ਦਾ ਨਿਬੇੜਾ ਛੇਵੇਂ ਪਾਤਸ਼ਾਹ ਦੇ ਸਮੇਂ ਇੱਕ ਗਰੀਬ ਸਿਦਕੀ ਸਿੱਖ ਦੁਆਰਾ ਹੋ ਚੁੱਕਿਆ ਸੀ ਜਿਸਨੇ ਗਲਤੀ ਨਾਲ ਜਹਾਂਗੀਰ ਬਾਦਸ਼ਾਹ ਨੂੰ ਸੱਚੇ ਪਾਤਸ਼ਾਹ ਸਮਝ ਕੇ ਆਪਣੀ ਹੱਕ ਹਲਾਲ ਕਮਾਈ ਦਾ ਇੱਕ ਟਕਾ ਭੇਟ ਕੀਤਾ ਸੀ। ਕਮਾਲ ਦੀ ਗੱਲ ਤਾਂ ਇਹ ਹੋਈ ਕਿ ਜਦ ਉਸ ਸ਼ਰਧਾਵਾਨ ਸਿੱਖ ਘਾਹੀ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਉਸ ਨੇ ਜਹਾਂਗੀਰ ਦੇ ਚਰਨਾਂ ਵਿੱਚ ਅਰਪਿਆ ਟਕਾ ਵਾਪਸ ਲੈ ਕੇ ਦੁਨਿਆਵੀ ਬਾਦਸ਼ਾਹ ਦੀਆਂ ਭਾਵਨਾਵਾਂ ਵਿੱਚ ਖਲਬਲੀ ਮਚਾ ਦਿੱਤੀ। ਜਿਸ ਦੇ ਦਰਬਾਰ ਵਿੱਚ ਹਜ਼ਾਰਾਂ, ਲੱਖਾਂ ਰੁਪਏ ਭੇਟ ਹੁੰਦੇ ਹੋਣ ਉਸ ਦੀ ਨਿਗਾਹ ਵਿੱਚ ਇੱਕ ਟਕਾ ਕੋਈ ਅਰਥ ਨਹੀਂ ਰੱਖਦਾ ਪਰ ਇਸ ਘਾਹੀ ਨੇ ਉਸ ਦੇ ਦਰਸ਼ਨ ਦਾ ਮੁੱਲ ਇੱਕ ਟਕਾ ਪਾਇਆ ਤੇ ਉਹ ਵੀ ਵਾਪਸ ਉਠਾ ਲਿਆ। ਉਸ ਦੁਨਿਆਵੀ ਬਾਦਸ਼ਾਹ ਨੇ ਅੱਜ ਗੁਰਸਿੱਖ ਦੀ ਸ਼ਰਧਾ ਦੀ ਝਲਕ ਤਾਂ ਤੱਕ ਲਈ ਪਰ ਅਜੇ ਉਸ ਨੂੰ ਸੱਚੇ ਪਾਤਸ਼ਾਹ ਦੀ ਬਖਸ਼ਸ਼ ਦਾ ਪਤਾ ਨਹੀਂ ਸੀ

ਝੂਠੀ ਪਾਤਸ਼ਾਹੀ ਦਾ ਰੂਪ ਆਪਣੇ ਆਪ ਵਿੱਚ ਅਤੀ ਮਨ-ਮੋਹਣਾ ਤੇ ਖਿੱਚ ਭਰਿਆ ਹੈ ਪਰ ਵਾਸਤਵ ਵਿੱਚ ਕਪਟ ਭਰਪੂਰ ਤੇ ਅਲਪ- ਸੁਖਦਾਇਕ ਹੈ। ਰਾਜ-ਮਦ, ਬੁੱਧੀ ਨੂੰ ਨਸ਼ਟ ਕਰਨ ਵਾਲਾ ਤੇ ਹੰਕਾਰ ਨੂੰ ਵਧਾਉਣ ਵਾਲਾ ਹੈ। ਸੱਚੀ ਬਾਣੀ ਦਾ ਫੁਰਮਾਨ ਹੈ ਕਿ ਦੁਨਿਆਵੀ ਬਾਦਸ਼ਾਹੀ, ਪੂਰਬਲੇ ਕਰਮਾਂ ਦੀ ਨੇਕ ਨੀਅਤੀ ਤੇ ਦਾਨ ਦਾ ਫਲ ਹੈ ਪਰ ਜਦ ਰਾਜ ਅਭਿਮਾਨ ਵਿਚ ਮਸਤ ਹੋ ਕੇ ਰਾਜੇ ਦੀ ਅਕਲ ਭ੍ਰਿਸ਼ਟ ਹੁੰਦੀ ਹੈ ਤਾਂ ਉਹ ਜ਼ੁਲਮ ਤੇ ਬੇਇਨਸਾਫੀ ਕਰਕੇ ਆਪਣੇ ਦੁੱਖਾਂ ਤੇ ਕਸ਼ਟਾਂ ਨੂੰ ਆਪ ਸਹੇੜਦਾ ਹੈ।



www.AKJ.Org

ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ॥

ਬਿਪਰੀਤ ਬੁਧੵੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ॥੨੪॥ (੧੩੫੬)

ਹਮਾਯੂੰ ਦੇ ਭਾਗਾਂ ਵਿੱਚ ਰਾਜ ਕਰਨਾ ਲਿਖਿਆ ਹੋਇਆ ਸੀ ਤਾਂ ਉਸ ਨੂੰ ਸਮਾਂ ਆਉਣ ਤੇ ਖੁਸਿਆ ਰਾਜ ਪ੍ਰਾਪਤ ਹੋ ਗਿਆ। ਇਸ ਸੰਸਾਰ ਦੀਆਂ ਹਕੂਮਤਾਂ ਵਲ ਧਿਆਨ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਜਿਹੜਾ ਕਲ ਬਾਦਸ਼ਾਹ ਸੀ, ਅੱਜ ਉਹ ਬੰਦੀ ਵਿੱਚ ਪਿਆ ਹੈ, ਕਿਸੇ ਨੂੰ ਉਮਰ ਕੈਦ ਮਿਲੀ ਹੈ, ਕੋਈ ਪਰਿਵਾਰ ਗਵਾ ਬੈਠਾ ਹੈ ਤੇ ਕੋਈ ਫਾਂਸੀ ਤੇ ਚੜ੍ਹਿਆ ਹੈ। ਇੰਜ ਵੀ ਹੁੰਦਾ ਹੈ ਕਿ ਉਸ ਬੰਦੇ ਨੂੰ ਹਕੂਮਤ ਮਿਲਦੀ ਹੈ ਜਿਸ ਦੇ ਬਾਰੇ ਕਿਸੇ ਨੇ ਸੋਚਿਆ ਭੀ ਨਹੀਂ ਹੁੰਦਾ। ਕਿਤੇ ਖਾਨਦਾਨੀ ਰਾਜ ਚੱਲਦੇ ਹਨ, ਕਿਤੇ ਗੁਲਾਮਾਂ ਦੇ ਰਾਜਾ ਬਣਨ ਦੀ ਪਰੰਪਰਾ ਚੱਲ ਪੈਂਦੀ ਹੈ। ਬੰਦਾ ਹੁਕਮ ਨੂੰ ਸਮਝਦਾ ਨਹੀਂ ਤੇ ਬਾਦਸ਼ਾਹੀ ਜਾਂ ਉਚੀ ਪਦਵੀ ਨੂੰ ਆਪਣੇ ਬਾਹੂ-ਬਲ ਤੇ ਬੁੱਧੀ-ਬਲ ਦੁਆਰਾ ਪ੍ਰਾਪਤ ਕੀਤਾ ਸਮਝ ਕੇ ਮਨ ਆਈਆਂ ਕਰਦਾ ਹੈ। ਐਸੇ ਹੰਕਾਰੀ ਰਾਜੇ ਦੇ ਅੰਤ ਬਾਰੇ ਗੁਰਬਾਣੀ ਦਾ ਫੁਰਮਾਨ ਹੈ।

ਜਨਮੰ ਤ ਮਰਣੰ, ਹਰਖੰ ਤ ਸੋਗੰ ਭੋਗੰ ਤ ਰੋਗੰ॥

ਊਚੰ ਤ ਨੀਚੰ ਨਾਨਾ ਸੁ ਮੂਚੰ॥ ਰਾਜੰ ਤ ਮਾਨੰ ਅਭਿਮਾਨੰ ਤ ਹੀਨੰ॥ (੧੩੫੫)

ਝੂਠੇ, ਲਾਲਚੀ ਤੇ ਕਪਟੀ ਰਾਜਿਆਂ ਦੀ ਪਛਾਣ ਔਖੀ ਨਹੀਂ। ਉਨਾਂ ਦਾ ਇੱਕੋ ਇੱਕ ਮਨੋਰਥ ਰਾਜ ਪ੍ਰਾਪਤ ਕਰਨਾ ਤੇ ਸੰਭਾਲਣਾ ਹੈ ਤੇ ਇਸ ਮੰਤਵ ਦੀ ਪੂਰਤੀ ਲਈ ਉਨ੍ਹਾਂ ਲਈ ਕੋਈ ਕਰਮ ਅਯੋਗ ਨਹੀਂ। ਕੋਈ ਇੱਛਿਆ ਐਸੀ ਨਹੀਂ ਜਿਸ ਦੀ ਪ੍ਰਾਪਤੀ ਬਾਅਦ ਮਨ ਤ੍ਰਿਪਤ ਹੋ ਜਾਵੇ। ਖਾਹਸ਼ਾਂ ਦੀਆਂ ਕੜੀਆਂ ਘਟਣ ਦੀ ਬਜਾਏ ਵਧਦੀਆਂ ਜਾਂਦੀਆਂ ਹਨ। ਇੱਕ ਖਾਹਸ਼ ਪੂਰੀ ਹੁੰਦੀ ਹੈ ਤੇ ਦੂਜੀ ਹੋਰ ਉਤਪੰਨ ਹੋ ਜਾਂਦੀ ਹੈ। ਪੂਰੇ ਸਤਿਗੁਰੂ ਦਾ ਉਪਦੇਸ਼ ਹੈ ਕਿ ਕਿੰਨਾ ਭੀ ਮੀਂਹ ਪਵੇ, ਰੇਤਲੀ ਧਰਤੀ ਦੀ ਪਿਆਸ ਨਹੀਂ ਬੁੱਝਦੀ, ਬਾਲਣ ਦੇ ਢੇਰ ਦੇ ਢੇਰ ਜਲਾ ਦਿੱਤੇ ਜਾਣ, ਅੱਗ ਦੀ ਭੁੱਖ ਪੂਰੀ ਨਹੀਂ ਹੁੰਦੀ, ਇਵੇਂ ਹੀ ਰਾਜੇ ਤੇ ਸਮੁੰਦਰ ਦੀ ਕਦੇ ਵੀ ਤ੍ਰਿਪਤੀ ਨਹੀਂ ਹੁੰਦੀ। ਇੱਕ ਸੱਚੇ ਨਾਮ ਬਿਨਾਂ ਜੀਵ ਨੂੰ ਰੱਜਣਾ ਨਸੀਬ ਨਹੀਂ ਹੁੰਦਾ।

ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ॥

ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ॥

ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ॥(ਵਾਰ ਮਾਝ ਕੀ ਮਹਲਾ ੧-ਸਲੋਕ ਮਹਲਾ ੧-੧੪੮)

ਭਾਰਤ ਦੀ ਦਸ਼ਾ ਅਤਿਅੰਤ ਤਰਸ ਯੋਗ ਸੀ। ਇਸ ਦੀ ਆਪਣੀ ਸਭਿਅਤਾ ਦਾ ਤਾਂ ਭੋਗ ਹੀ ਪੈ ਚੁੱਕਾ ਸੀ। ਦੇਸ਼ ਵਿੱਚ ਵਿਦੇਸ਼ੀਆਂ ਦੀਆਂ ਹਕੂਮਤਾਂ ਆਰੰਭ ਹੋ ਚੁੱਕੀਆਂ ਸਨ। ਉਨ੍ਹਾਂ ਨੇ ਥੋੜੇ ਨਹੀਂ, ਬੇਅੰਤ ਜ਼ੁਲਮ ਕਮਾਏ॥ ਭਾਰਤੀ ਜਨਤਾ ਭੇਡਾਂ ਬੱਕਰੀਆਂ ਸਮਾਨ ਹੋ ਚੁਕੀ ਸੀ, ਇੱਸ ਵਿੱਚ ਰੱਤੀ ਭਰ ਭੀ ਸੰਦੇਹ ਜਾਂ ਅਤਿ ਕਥਨੀ ਨਹੀਂ। ਜੇ ਅਕਾਲ ਪੁਰਖ ਨੇ ਦੁਸ਼ਟਾਂ ਦੈਤਾਂ ਨੂੰ ਪੈਦਾ ਕਰਕੇ ਗਰੀਬ ਮਸਕੀਨ, ਸੰਤ ਜਨਾਂ ਦੇ ਮਗਰ ਲਾਇਆ ਤਾ ਉਨ੍ਹਾਂ ਦੀ ਰੱਖਿਆ ਕਰਨ ਲਈ ਯੋਗ ਮਹਾਂ ਪੁਰਸ਼ਾਂ ਨੂੰ ਸੰਸਾਰ ਵਿੱਚ ਭੇਜਣ ਦਾ ਕਾਰਜ ਭੀ ਉਸ ਨੇ ਹੀ ਕਰਨਾ ਸੀ। ਅਕਾਲ ਪੁਰਖ ਦੇ ਦਰ ਤੇ ਮਜਲੂਮਾਂ ਨੇ ਇਹੋ ਜਿਹੀ ਅਰਦਾਸ ਕੀਤੀ ਸੀ ਜਿਹੜੀ ਪਰਵਾਨ ਹੋਈ ਸੀ।

ਮੋਹਨ ਸਭਿ ਜੀਅ ਤੇਰੇ ਤੂ ਤਾਰਹਿ॥

ਛੁਟਹਿ ਸੰਘਾਰ ਨਿਮਖ ਕਿਰਪਾ ਤੇ ਕੋਟਿ ਬ੍ਰਹਮੰਡ ਉਧਾਰਹਿ॥੧॥ ਰਹਾਉ॥

ਕਰਹਿ ਅਰਦਾਸਿ ਬਹੁਤੁ ਬੇਨੰਤੀ ਨਿਮਖ ਨਿਮਖ ਸਾਮਾਰਹਿ॥

ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਹਾਥਿ ਦੇਇ ਨਿਸਤਾਰਹਿ॥

ਕਿਆ ਏ ਭੂਪਤਿ ਬਪੁਰੇ ਕਹੀਅਹਿ ਕਹੁ ਏ ਕਿਸਨੋ ਮਾਰਹਿ॥

ਰਾਖੁ ਰਾਖੁ ਸੁਖਦਾਤੇ ਸਭੁ ਨਾਨਕ ਜਗਤੁ ਤੁਮਾਰਹਿ॥ (ਸਾਰਗ ਮਹਲਾ ੫- ੧੨੧੧)

ਸਿਦਕ ਵਾਲਿਆਂ ਨੂੰ ਭਰੋਸਾ ਸੀ ਕਿ ਇਕ ਦਿਨ ਸਾਡੀ ਜੋਦੜੀ ਪਰਵਾਨ ਹੋਵੇਗੀ ਤੇ ਜਦ ਅਕਾਲ



www.AKJ.Org

ਪੁਰਖ ਕ੍ਰਿਪਾ ਦੇ ਘਰ ਵਿਚ ਆਉਣਗੇ ਤਾਂ ਇਹਨਾਂ ਬੇਚਾਰੇ ਰਾਜੇ ਮਹਾਰਾਜਿਆਂ ਦੀ ਮਾਰਨ ਦੀ ਸਮੱਰਥਾ ਖਤਮ ਹੋ ਜਾਵੇਗੀ।

ਨਿਰਸੰਦੇਹ ਅੱਤਿਆਚਾਰੀ ਹਾਕਮਾਂ ਦੇ ਰਾਜ ਦੀਆਂ ਜੜ੍ਹਾਂ ਪਾਤਾਲ ਤੱਕ ਪਹੁੰਚੀਆਂ ਹੋਈਆਂ ਸਨ ਤੇ ਉਨ੍ਹਾ ਨੂੰ ਉਖਾੜਨ ਦਾ ਵੀਚਾਰ ਜੇ ਕਿਸੇ ਹਮਦਰਦ ਪੁਰਸ਼ ਦੇ ਹਿਰਦੇ ਵਿੱਚ ਉਤਪੰਨ ਹੋਇਆ ਵੀ, ਤਾਂ ਉਹ ਹਿਰਦੇ ਵਿੱਚ ਹੀ ਨੱਪਿਆ ਗਿਆ। ਇਕੱਲਾ ਦੁਕੱਲਾ ਕੀ ਕਰ ਸਕਦਾ ਸੀ, ਇਨ੍ਹਾਂ ਦਾ ਤਖਤ ਉਲਟਾਉਣ ਲਈ ਤਕੜੀ ਸੰਸਥਾ ਦੀ ਲੋੜ ਸੀ, ਬਾਦਸ਼ਾਹੀ ਖਤਮ ਕਰਨ ਲਈ ਸ਼ਾਹਿਨਸ਼ਾਹ ਬਣਨ ਦੀ ਲੋੜ ਸੀ ਨਾ ਕਿ ਦੇਵਤਿਆਂ ਅੱਗੇ ਢੇਰੀ ਢਾਹੰ ਕੇ ਰੋਣ ਪਿੱਟਣ ਦੀ। ਸਤਿਗੁਰੂ ਨਾਨਕ ਦੇਵ ਜੀ ਨੂੰ ਗਊਆਂ ਦੇ ਵੱਗ ਤੇ ਤਰਸ ਆਇਆ ਸੀ ਤੇ ਅਕਾਲ ਪੁਰਖ ਅੱਗੇ ਪ੍ਰੇਮ ਭਰਿਆ ਗਿਲਾ ਵੀ ਕੀਤਾ ਸੀ ਤੇ ਹਮਦਰਦੀ ਨੂੰ ਅਮਲੀ ਰੂਪ ਦੇਣ ਲਈ ਜਥੇਬੰਦ ਸਿੱਖਾਂ ਦੀ ਜਮਾਤ ਦੀ ਉਸਾਰੀ ਦੀ ਨੀਵ ਰੱਖੀ ਸੀ।

ਮੀਰ ਦੀ ਮੀਰੀ ਤੇ ਪੀਰ ਦੀ ਪੀਰੀ ਖਿੱਚਣ ਲਈ ਸਭ ਤੋਂ ਪਹਿਲਾਂ ਛੇਵੇਂ ਪਾਤਸ਼ਾਹ ਜੀ ਨੇ ਪ੍ਰਭੂ ਦਾ ਨਾਮ ਜੱਪਣ ਵਾਲਿਆਂ ਦੀ ਸ਼ਸਤ੍ਰਧਾਰੀ ਸੈਨਾ ਤਿਆਰ ਕੀਤੀ। ਦਸਮੇਸ਼ ਪਿਤਾ ਜੀ ਨੇ ਹਰੇਕ ਗੁਰਸਿੱਖ ਨੂੰ ਖੰਡੇ ਦੀ ਪਾਹੁਲ ਛਕਾ ਕੇ ਸੰਤ ਸਿਪਾਹੀ ਬਣਾਇਆ ਤੇ ਸਮੁੱਚੀ ਸੈਨਾ ਦਾ ਨਾਉ ਅਕਾਲ ਪੁਰਖ ਦੀ ਫੌਜ ਆਖਿਆ। ਭਾਈ ਨੰਦ ਲਾਲ ਸਿੰਘ ਨੇ ਮੁਗਲਾਂ ਦੀ ਬਾਦਸ਼ਾਹੀ ਦਾ ਰੂਪ ਬਹੁਤ ਨੇੜੇ ਹੋਕੇ ਤੱਕਿਆ ਸੀ ਪਰ ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਰੱਬੀ ਬਾਦਸ਼ਾਹੀ ਦਾ ਨੂਰ ਤੱਕ ਕੇ ਰਹਿ ਨਹੀਂ ਸਕਿਆ ਤੇ ਕਾਵਿਕ ਰੂਪ ਵਿੱਚ ਪੁਕਾਰ ਕੇ ਆਖਿਆ।

ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ।।

ਸ਼ਾਹਿਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ ॥੧੦੭॥ (ਤੌਸੀਫੋ ਸਨ)

ਦੁਨਿਆਵੀ ਬਾਦਸ਼ਾਹਾਂ ਦੇ ਸਾਰੇ ਚੰਗੇ ਗੁਣ, ਸ਼ੁਭ ਲੱਛਣ, ਸ਼ਾਹੀ ਤਖਤ ਲੜਾਕੀ ਫੌਜ, ਠਾਠ ਬਾਠ ਸਭ ਕੁਛ ਕਲਗੀਧਰ ਪਾਤਸ਼ਾਹ ਜੀ ਕੋਲ ਸਨ ਪਰ ਜਿਹੜੇ ਦੈਵੀ ਗੁਣਾਂ ਦੇ ਮਾਲਕ ਆਪ ਸਨ, ਉਹ ਦੈਵੀ ਗੁਣ ਉਹਨਾਂ ਬਾਦਸ਼ਾਹਾਂ ਕੋਲ ਨਹੀਂ ਸਨ। ਇਸ ਕਰਕੇ ਆਪ ਜੀ ਨੂੰ ਸ਼ਾਹਾਂ ਦੇ ਸ਼ਾਹ ਆਖਣਾ ਵਾਜਬ ਭੀ ਹੈ ਤੇ ਠੋਸ ਹਕੀਕਤ ਵੀ। 'ਦੁਨਿਆਵੀ ਹਕੂਮਤਾਂ ਦੀ ਪ੍ਰਾਪਤੀ ਕਤਲੋ ਗਾਰਤ, ਧੋਖਾ, ਫਰੇਬ, ਲਾਲਚ ਦੁਆਰਾ ਹੁੰਦੀ ਹੈ ਜਦ ਕਿ ਰੂਹਾਨੀ ਰਾਜ, ਤਿਆਗ, ਕੁਰਬਾਨੀ, ਬੇਚਾਰਾ ਜੀਵਨ ਤੇ ਆਤਮ ਸਮਰਪਨ ਦੁਆਰਾ ਪ੍ਰਾਪਤ ਹੁੰਦਾ ਹੈ। ਇਸ ਰੂਹਾਨੀ ਰਾਜ ਦੀ ਨੀਂਵ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਦੀ ਓਟ ਤੇ ਰੱਖੀ ਸੀ।

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ।।

(ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ) (੯੬੬)

ਹੋਰ ਸਾਰੇ ਰਾਜੇ ਨਾਮ ਤੋਂ ਸੱਖਣੇ ਹੋਣ ਕਰਕੇ ਸਦਾਚਾਰ ਤੇ ਧਰਮ ਦੇ ਪੱਖੋਂ ਪਤਿਤ ਸਨ ਪਰ ਆਪ ਜੀ ਦੇ ਰਾਜ ਦਾ ਤੱਤ ਇਖਲਾਕ ਤੇ ਨਾਮ ਦਾ ਬਲ ਸੀ।

ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ।। (ਸਲੋਕ ਮਹਲਾ ੩- ੧੪੧੩)

ਗੁਰਦੇਵ ਜੀ ਦੀ ਕਥਨੀ ਵੀ ਕਮਾਲ ਦੀ ਤੇ ਕਰਨੀ ਵੀ ਕਮਾਲ ਦੀ ਸੀ। ਹਜ਼ੂਰ ਦੀ ਸੱਚੀ ਪਾਤਸ਼ਾਹੀ ਦੀ ਵਡਿਆਈ ਆਪਾ ਤੇ ਪਰਿਵਾਰ ਵਾਰਨ ਕਰ ਕੇ ਹੈ, ਜ਼ੁਲਮ ਸਿਤਮ ਮਿਟਾਉਣ ਤੇ ਦੁਖੀ ਪਰਜਾ ਨੂੰ ਬਚਾਉਣ ਕਰਕੇ ਹੈ। ਇਹ ਵਡਿਆਈ, ਸੰਸਾਰ ਵਿਚ ਰਹਿੰਦਿਆਂ ਕਰਤਾਰ ਨਾਲ ਜੁੜਨ ਕਰਕੇ ਹੈ ਤੇ ਸਭ ਤੋਂ ਵੱਧ ਰਾਜ ਜੋਗ ਕਮਾਉਣ ਕਰਕੇ ਹੈ। ਰਾਜੇ ਦਾ ਪਹਿਲਾ ਫਰਜ਼, ਸੱਚੀ ਕਸਮ ਜਾਂ ਪ੍ਰਤਗਿਆ ਨਿਆਂ ਕਰਨ ਦੀ ਹੈ। (ਰਾਜੇ ਚੁਲੀ ਨਿਆਵ ਕੀ) ਜਿਹੜੇ ਰਾਜੇ ਇਸ ਪ੍ਰਣ ਤੋਂ ਥਿੜਕੇ ਹੋਏ ਸਨ, ਉਨ੍ਹਾ ਨੂੰ ਸੋਧਣ ਵਾਸਤੇ ਨਿਧੜਕ ਸੈਨਾ ਤਿਆਰ ਕੀਤੀ ਸੀ। ਜਿਹੜੇ ਮੁਗਲ ਹਕੂਮਤ ਦੀ ਬੇਇਨਸਾਫੀ ਦੇ ਸ਼ਿਕਾਰ ਹੁੰਦੇ ਸਨ, ਉਹ ਆਪ ਜੀ ਦੇ ਸਚੇ ਦਰਬਾਰ ਦੀ ਸ਼ਰਣ ਵਿੱਚ ਆਂਉਦੇ ਸਨ। ਭਾਈ ਨੰਦ ਲਾਲ ਤੇ ਪੰਜ ਸੌ ਪਠਾਣਾਂ ਨੂੰ ਆਪ ਜੀ ਦੇ ਸਿਵਾਏ ਹੋਰ ਕੋਈ ਸਹਾਰਾ ਨਹੀਂ ਸੀ ਮਿਲ ਸਕਦਾ।

ਕਲਗੀਧਰ ਪਾਤਸ਼ਾਹ ਦੀ ਪਾਤਸ਼ਾਹੀ ਦਾ ਆਪਣਾ ਅਨੋਖਾ ਤੇ ਵੱਖਰਾ ਰੂਪ ਰੰਗ ਸੀ। ਜਿੱਥੇ ਸੰਸਾਰਕ



www.AKJ.Org

ਬਾਦਸ਼ਾਹਾਂ ਦਾ ਰਾਜ ਲੋਕਾਂ ਦੇ ਸਰੀਰ ਤੇ ਸੀ, ਉਥੇ ਆਪ ਜੀ ਦਾ ਧਰਮੀ ਰਾਜ ਲੋਕਾਂ ਦੇ ਮਨ ਵਿੱਚ ਸੀ। ਆਪ ਪਹਾੜੀ ਰਾਜਿਆਂ ਦੇ ਤਨ ਤੇ ਮਨ ਨੂੰ ਜ਼ਾਲਮ ਹਕੂਮਤ ਦੀ ਫੰਧੀ ਤੋਂ ਮੁਕਤ ਕਰਾਉਣਾ ਚਾਹੁੰਦੇ ਸਨ ਪਰ ਪਹਾੜੀ ਰਾਜੇ ਆਪਣੀ ਖੁਦਗਰਜੀ ਲਈ ਸ਼ਾਹੀ ਹਕੂਮਤ ਨਾਲ ਟੱਕਰ ਲੈ ਕੇ ਆਪਣੇ ਝੂਠੇ ਰਾਜ ਨੂੰ ਖਤਰੇ ਵਿੱਚ ਪਾਉਣ ਤੋਂ ਡਰਦੇ ਸਨ। ਇਹ ਅੰਦੇਸ਼ਾ ਤੇ ਉਚੀ ਜਾਤਿ ਦਾ ਗੁਮਾਨ ਉਨ੍ਹਾ ਨੂੰ ਲੈ ਡੁਬਿਆ। ਫਿਰ ਵੀ ਆਪ ਦਿਆਲੂ ਤੇ ਕ੍ਰਿਪਾਲੂ ਸਨ ਤੇ ਜਦ ਵੀ ਪਹਾੜੀ ਰਾਜਿਆਂ ਤੇ ਮੁਗਲ ਸਰਦਾਰਾਂ ਦਾ ਸੰਘਰਸ਼ ਹੁੰਦਾ, ਆਪ ਪਹਾੜੀ ਰਾਜਿਆਂ ਦੀ ਡਟ ਕੇ ਸਹਾਇਤਾ ਕਰਦੇ।

ਬਾਦਸ਼ਾਹਾਂ ਦੀ ਭੁੱਖ ਕੀ ਹੈ, ਇਕ ਅਗਨੀ ਹੈ ਜਿਹੜੀ ਕਦੇ ਤ੍ਰਿਪਤ ਨਹੀਂ ਹੁੰਦੀ ਜਦ ਕਿ ਸੱਚੇ ਪਾਤਸ਼ਾਹ ਨਦਰਿ ਰਹਿਮਤ ਨਾਲ ਪਾਤਸ਼ਾਹੀਆਂ ਪਰਦਾਨ ਕਰਦੇ ਹਨ, ਰਾਜ ਹੀ ਨਹੀਂ, ਰਾਜ ਕੁਮਾਰ ਵੀ ਬਖਸ਼ਦੇ ਹਨ। ਆਸਾਮ ਦੇ ਰਾਜੇ ਰਤਨ ਰਾਇ ਦਾ ਜਨਮ ਨੌਵੇਂ ਪਾਤਸ਼ਾਹ ਦੇ ਮੁਬਾਰਕ ਮੁਖਾਰਬਿੰਦ ਤੋਂ ਨਿਕਲੇ ਬਚਨਾਂ ਦੁਆਰਾ ਹੋਇਆ ਸੀ। ਇਸ ਨੇ ਅਤੀ ਪ੍ਰੇਮ, ਸ਼ਰਧਾ ਤੇ ਸਤਿਕਾਰ ਸਹਿਤ, ਪਰਸਾਦੀ ਹਾਥੀ, ਪੰਜ ਕਲਾ ਸ਼ਸਤਰ, ਚੰਦਨ ਦੀ ਚੌਕੀ ਜਿਗ੍ਹਾ, ਕਲਗੀ ਆਦਿਕ ਐਸੀਆਂ ਸੁਗਾਤਾਂ, ਸਤਿਗੁਰੂ ਜੀ ਨੂੰ ਅਨੰਦਪੁਰ ਸਾਹਿਬ ਵਿਖੇ ਭੇਟ ਕੀਤੀਆਂ ਸਨ ਕਿ ਰਾਜਿਆਂ ਨੇ ਤੱਕੀਆਂ ਭੀ ਨਹੀਂ ਸਨ। ਬਾਦਸ਼ਾਹਾਂ ਨੂੰ ਕਈ ਬਾਰ ਮਜਬੂਰ ਹੋ ਕੇ ਵੀ ਤੁਹਫੇ ਦਿੱਤੇ ਜਾਂਦੇ ਹਨ। ਇਸ ਵਿੱਚ ਖੁਦਗਰਜੀ, ਡਰ, ਝੂਠੀ, ਮਿੱਤਰਤਾ ਤੇ ਦਿਖਾਵਾ ਦਾ ਅੰਸ਼ ਬਹੁਤ ਹੁੰਦਾ ਹੈ ਤੇ ਭੈ ਭਾਵਨੀ ਤੇ ਸਤਿਕਾਰ ਦਾ ਅੰਸ਼ ਨਾਮ ਮਾਤਰ ਹੀ।

ਸਚੇ ਪਾਤਸ਼ਾਹ ਦਾ ਤਖਤ ਬਹੁਤ ਉਚੀ ਸ਼ਾਨ ਵਾਲਾ ਹੈ। ਇਸ ਦਾ ਰੁਤਬਾ ਸੰਸਾਰਕ ਅੱਖਾਂ ਨੂੰ ਅਸਲੀ ਰੂਪ ਵਿਚ ਨਹੀਂ ਦਿਸਦਾ ਭਾਈ ਨੰਦ ਲਾਲ ਸਿੰਘ ਨੂੰ ਦਿਖਾਈ ਦਿੱਤਾ ਸੀ ਜਿਸ ਦੀ ਝਲਕ ਉਨ੍ਹਾ ਨੇ ਆਪਣੀ ਲਿਖਤ ਦੁਆਰਾ ਦਿਖਾਈ। "ਤਖਤਿ ਬਾਲਾ ਜ਼ੇਰ ਗੁਰੂ ਗੋਬਿੰਦ ਸਿੰਘ"॥ ਚਸ਼ਮ ਦੀਵਹ ਗਵਾਹੀ ਹੈ। ਸੱਚਾ ਦਰਬਾਰ ਦਰਬਾਰਨ ਸਿਰ ਦਰਬਾਰਾ ਹੈ। ਇਸ ਵਿੱਚ ਪਹੁੰਚਣ ਲਈ ਗਰੀਬ ਮਸਕੀਨ, ਨਿਮਾਣੇ, ਨਿਤਾਣੇ ਬੰਦੇ ਨੂੰ ਕੋਈ ਰੋਕ ਟੋਕ ਨਹੀਂ, ਕਿਸੇ ਦੀ ਸਿਫਾਰਸ਼ ਨਹੀਂ। ਜਿਸ ਤਖਤ ਤੇ ਸਚੇ ਪਾਤਸ਼ਾਹ ਸਸ਼ੋਭਤ ਹਨ, ਉਸ ਦੀ ਮਹਿਮਾ ਤੇ ਵਡਿਆਈ ਕਥਨ ਤੋਂ ਪਰੇ ਹੈ। ਚਉਰ ਤੇ ਛਤ੍ਰ ਚਲਾਇਮਾਨ ਨਹੀਂ। ਸਾਰੇ ਲੋਕ ਸਤਿਗੁਰੂ ਦੀ ਆਗਿਆ ਵਿੱਚ ਹਨ ਤੇ ਸਚੇ ਸੁੱਚੇ ਸ਼ਾਹੀ ਫੁਰਮਾਨ ਨੂੰ ਟਾਲਣ ਵਾਲਾ ਕੋਈ ਨਹੀਂ ਹੈ।

ਸਹੀ ਤੇਰਾ ਫੁਰਮਾਨੁ ਕਿਨੈ ਨ ਫੇਰੀਐ॥(੯੬੪)

ਕਿਉਂਕਿ ਇਸ ਵਿਚ ਬੇਇਨਸਾਫੀ ਨਹੀਂ ਹੁੰਦੀ, ਸਦਾ ਸੱਚਾ ਨਿਆਉ ਵਰਤਦਾ ਹੈ ਤੇ ਹੁਕਮਨ ਸਿਰ ਹੁਕਮ ਦੀ ਜੈਕਾਰ ਹੁੰਦੀ ਹੈ।

ਵਡਾ ਤੇਰਾ ਦਰਬਾਰੁ, ਸਚਾ ਤੁਧੁ ਤਖਤੁ॥<br>
ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ॥ (ਰਾਮਕਲੀ ਕੀ ਵਾਰ ਮਹਲਾ ੫-੯੬੪)

ਅਨੰਦਪੁਰ ਸਾਹਿਬ ਦੇ ਅਬਚਲੀ ਦਰਬਾਰ ਦੇ ਨਜ਼ਾਰੇ ਅਲੌਕਿਕ ਸਨ। ਇਥੇ ਸ਼ਕਤੀ ਤੇ ਨਿਮਰਤਾ ਦਾ, ਬਾਦਸ਼ਾਹੀ ਤੇ ਤਿਆਗ ਦਾ, ਸੰਤ ਤੇ ਸਿਪਾਹੀ ਦਾ ਅਨੋਖਾ ਸੰਗਮ ਸੀ। ਸਤਿਗੁਰੂ ਦਾ ਸਿਰਜਿਆ ਖਾਲਸਾ, ਅਕਾਲ ਪੁਰਖ ਦੀ ਫੌਜ ਸੀ ਜਿਹੜਾ ਹਮਦਰਦੀ ਦਾ ਪੁਤਲਾ ਤੇ ਪਰਉਪਕਾਰ ਦਾ ਮੁਜੱਸਮਾ ਬਣ ਗਿਆ ਸੀ। ਇਸ ਖਾਲਸੇ ਨੇ ਜੀਵਨ ਦੇ ਹਰੇਕ ਪੜਾਅ ਵਿੱਚ ਪੂਰੀ ਜੁਮੇਵਾਰੀ ਨਿਬਾਹੀ ਹੈ, ਉਦਮ ਤੇ ਫਰਜ-ਸ਼ਨਾਸੀ ਦੇ ਗੁਣਾਂ ਨੂੰ ਸੰਭਾਲ ਕੇ ਰੱਖਿਆ ਹੈ।

ਕਲਗੀਧਰ ਪਾਤਸ਼ਾਹ ਦਾ ਸਭ ਤੋਂ ਵੱਡਾ ਮੁਅਜਜ਼ਾ ਨੀਵਿਆਂ ਨੂੰ ਉਚੇ ਕਰਨ ਦਾ ਤੇ ਉਨ੍ਹਾਂ ਨੂੰ ਫਰਸ਼ ਤੋਂ ਚੁੱਕ ਕੇ ਅਰਸ਼ ਤੱਕ ਪਹੁੰਚਾਉਣ ਦਾ ਸੀ, ਚਿੜੀਆਂ ਨੂੰ ਬਾਜਾਂ ਨਾਲ ਲੜਾਉਣ ਦਾ, ਗਰੀਬਾਂ, ਅਨਾਥਾਂ ਤੇ ਦੁਰਕਾਰੇ ਹੋਏ ਮਨੁੱਖਾਂ ਨੂੰ ਤਖਤ ਤੇ ਬਿਠਾਉਣ ਦਾ ਸੀ। ਆਪ ਜੀ ਦੇ ਅੰਮ੍ਰਿਤ ਜਾਮ ਨੇ ਇਨਸਾਨੀ ਜਾਮੇ ਦੀ ਰੂਪ ਰੇਖਾ, ਸ਼ਕਲ ਸੂਰਤ, ਤਨ, ਮਨ ਸਭ ਕੁਛ ਬਦਲ ਕੇ ਰੱਖ ਦਿੱਤਾ। ਇੱਕ ਨਿਗੁਣਾ ਜੀਵ ਸਰਦਾਰ

(ਬਾਕੀ ਪੰਨਾ ੧੫ ਤੇ .....)



www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਤਿਹਾਸਕਾਰਾਂ ਦੀ ਨਜ਼ਰ ਵਿਚ

(ਪ੍ਰੋਫੈਸਰ ਪ੍ਰਕਾਸ਼ ਸਿੰਘ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਲਗੀਧਰ ਪਿਤਾ, ਨੀਲੇ ਦਾ ਅਸਵਾਰ, ਫੌਜਾਂ ਵਾਲਾ ਅੰਮ੍ਰਿਤ ਦਾਤਾ। ਧਰਮ ਰਖਸ਼ਕ, ਸੱਚਾ ਪਾਤਸ਼ਾਹ, ਪੰਥ ਦਾ ਵਾਲੀ, ਸਰਬੰਸ ਦਾਨੀ......ਆਦਿ ਆਦਿ ਕਈ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ। ਦੁਨੀਆਂ ਦੇ ਕਿਸੇ ਹੋਰ ਮਹਾਂ ਪੁਰਖ ਨੂੰ ਸ਼ਾਇਦ ਹੀ ਇਤਨੇ ਖਿਤਾਬ ਮਿਲੇ ਹੋਣ। 'ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾਂ।'' ਆਪ ਦੇ ਗੁਣ ਬਿਆਨ ਕਰਨੇ ਬਹੁਤ ਔਖੇ ਹਨ। ਆਪ ਜੀ ਦੀ ਬਹੁਪੱਖੀ ਸਖਸ਼ੀਅਤ ਤੇ ਸਮੁੱਚੇ ਤੌਰ ਤੇ ਇਕ ਨਜ਼ਰ ਮਾਰੀਏ ਤਾਂ ਉਹ ਗੁਣ ਜੋ ਇਕ ਦਮ ਉਘੜ ਕੇ ਸਾਡੇ ਸਾਹਮਣੇ ਰੂਪਮਾਨ ਹੋ ਜਾਂਦੇ ਹਨ, ਵੱਖ ਵੱਖ ਚੋਂਦਾਂ ਇਤਿਹਾਸਕਾਰਾਂ ਤੇ ਵਿਦਵਾਨਾਂ ਦੀਆਂ ਲਿਖਤਾਂ ਵਿਚੋਂ ਅਗੇ ਬਿਆਨ ਕੀਤੇ ਗਏ ਹਨ। ਸਭ ਤੋਂ ਪਹਿਲਾਂ ਛੇ ਬਦੇਸ਼ੀ ਇਤਿਹਾਸਕਾਰਾਂ ਦੀਆਂ ਲਿਖਤਾਂ ਦੇ ਹਵਾਲੇ ਹਨ। ਫਿਰ ਸਾਡੇ ਦੇਸ਼ ਦੇ ਗੈਰ-ਸਿਖ ਛੇ ਲੇਖਕਾਂ ਤੇ ਇਤਿਹਾਸਕਾਰਾਂ ਦੇ ਅੱਤੇ ਅੰਤ ਵਿਚ ਪੰਥ ਦੇ ਦੋ ਵਿਦਵਾਨਾਂ ਦੇ ਹਵਾਲੇ ਹਨ।

ਕਨਿੰਘਮ- ਇਹ (ਗੁਰੂ) ਨਾਨਕ (ਦੇਵ ਜੀ) ਲਈ ਨੀਯਤ ਸੀ ਕਿ ਉਹ ਸੁਧਾਰ ਦੇ ਸੱਚੇ ਅਸੂਲ ਬਣਾ ਕੇ ਇਤਨੀ ਚੌੜੀ ਨੀਂਹ ਰਖ ਜਾਣ ਕਿ, ਉਨ੍ਹਾਂ ਤੋਂ ਬਾਦ (ਦਸਵੇਂ ਗੁਰੂ) ਗੋਬਿੰਦ ਸਿੰਘ ਜੀ ਨਵੀਂ ਕੌਮੀਅਤ ਦੀ ਉਸਾਰੀ ਕਰ ਸਕਣ ਤੇ ਆਪਣੇ ਦੇਸ਼ ਦੀ ਜਨਤਾ ਵਿਚ ਪ੍ਰੀਵਰਤਨ ਲਿਆ ਕੇ ਆਮ ਲੋਕਾਂ ਨੂੰ ਇਹ ਅਸਲੀ ਅਨੁਭਵ ਕਰਾ ਸਕਣ ਕਿ ਨੀਚ ਤੇ ਊਚ ਵਿਚ ਕੋਈ ਭਿੰਨ ਭੇਦ ਨਹੀਂ, ਨਸਲ ਤੇ ਜਾਤ ਕਰ ਕੇ ਕੋਈ ਫਰਕ ਨਹੀਂ, ਰਾਜਨੀਤਕ ਅਧਿਕਾਰਾਂ ਕਰ ਕੇ ਤੇ ਧਾਰਮਿਕ ਅਸੂਲਾਂ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਵਿਚ ਕੋਈ ਅੰਤਰ ਨਹੀਂ। ਇਕ ਜਬਰਦਸਤ ਰਾਜ ਦੇ ਵਿਚਕਾਰ, ਉਸ ਦੇ ਵਿਰੋਧ ਦੇ ਹੁੰਦਿਆਂ, ਆਪਣੇ ਸਿੱਖਾਂ ਨੂੰ ਭਾਈਚਾਰਕ ਗਿਰਾਵਟ ਤੇ ਧਾਰਮਿਕ ਗਿਲਾਨੀ ਤੋਂ ਬਚਾ ਕੇ ਆਚਰਣ ਦੀ ਸਾਦਗੀ ਤੇ ਉਚਤਾ, ਅਤੇ ਨਵੇਂ ਜੀਵਨ ਦੇ ਜ਼ਜ਼ਬੇ ਦਾ ਪਰਚਾਰ ਕੀਤਾ।.............

ਕੇਵਲ ਸਫਲਤਾ ਹੀ ਕਿਸੇ ਦੀ ਵਡਿਆਈ ਦਾ ਚਿੰਨ ਨਹੀਂ। ਵਡਿਆਈ ਤਾਂ ਸਦਾ ਆਦਰਸ਼ ਦੀ ਹੁੰਦੀ ਹੈ। ਜਿਸ ਨਿਸ਼ਾਨੇ ਵਲ ਲੀਡਰ ਜਾਂ ਆਗੂ ਲਿਜਾਏ ਉਹ ਉਸ ਦੀ ਵਡਿਆਈ ਦਾ ਨਾਪ ਹੁੰਦਾ ਹੈ। ਜਦ ਅਸੀਂ (ਗੁਰੂ) ਗੋਬਿੰਦ ਸਿੰਘ ਜੀ ਦਾ ਦੋਖੀਆਂ ਨੂੰ ਖਤਮ ਕਰਨ ਦਾ ਮਿਸ਼ਨ ਵਿਚਾਰਦੇ ਹਾਂ ਤਾਂ ਉਨ੍ਹਾਂ ਦੀ ਮਹਾਨ ਸਖਸ਼ੀਅਤ ਤੇ ਵਡਿਆਈ ਬਾਰੇ ਦੋ ਰਾਵਾਂ ਨਹੀਂ ਰਹਿ ਜਾਂਦੀਆਂ। ਉਨ੍ਹਾਂ ਦਾ ਅਸਥਾਨ ਮਹਾਂਪੁਰਸ਼ਾਂ ਦੀ ਕਤਾਰ ਵਿਚ ਬਹੁਤ ਉੱਚਾ ਹੈ।....................

(ਗੁਰੂ) ਗੋਬਿੰਦ ਸਿੰਘ ਜੀ ਦੀ ਸਖਸ਼ੀਅਤ ਤੇ ਉਪਦੇਸ਼ਾਂ ਨੇ ਕੇਵਲ ਸਿੱਖਾਂ ਦੇ ਮਨਾਂ ਦਾ ਹੀ ਕਾਇਆ ਕਲਪ ਨਹੀਂ ਕੀਤਾ ਸਗੋਂ ਉਨ੍ਹਾਂ ਦੀ ਸਰੀਰਕ ਡੀਲ ਡੌਲ ਭੀ ਬਦਲ ਦਿਤੀ......। ਧਾਰਮਕ ਵਿਸ਼ਵਾਸ਼ ਤੇ ਸੰਸਾਰਕ ਰੁਚੀਆਂ (ਗੁਰੂ )ਗੋਬਿੰਦ ਸਿੰਘ ਜੀ ਦੇ ਸਿੱਖ ਦੂਜੇ ਹਿੰਦੁਸਤਾਨੀਆਂ ਤੋਂ ਬਿਲਕੁਲ ਅਡਰੇ ਹਨ ਤੇ ਉਨ੍ਹਾਂ ਵਿਚ ਅੰਦਰਲੇ ਸਾਂਝੇ ਜ਼ਜ਼ਬਿਆਂ ਕਰ ਕੇ ਤੇ ਬਾਹਰਲੇ ਸਾਂਝੇ ਉਦੇਸ਼ਾਂ ਕਰ ਕੇ ਸਾਂਝੀਵਾਲਤਾ ਤੇ ਸੰਗਠਨ ਹੈ। .............(ਗੁਰੂ) ਗੋਬਿੰਦ ਸਿੰਘ ਜੀ ਦੇ ਜੀਵਨ ਦੇ ਅਧਿਯਨ ਲਈ ਸਾਨੂੰ ਇਕ ਤੇਜ਼ ਰਫਤਾਰ ਘੋੜੇ ਜਿਨ੍ਹਾਂ ਤੇਜ਼ ਹੋਣ ਪਏਗਾ। ਕਿਉਂਕਿ ਉਨ੍ਹਾਂ ਨੇ ਛੋਟੀ ਜਿਹੀ ਉਮਰ (੪੨)ਸਾਲਾਂ ਵਿਚ ਉਹ ਮਹਾਨ ਕੰਮ ਕਰ ਦਿਖਾਏ ਜਿਨ੍ਹਾਂ ਨੂੰ ਸਮਝਣ ਲਈ ਬੜੀ ਤ੍ਰੇਜ਼ ਬੁੱਧੀ ਦੀ ਲੋੜ ਹੈ। ਦੂਜੇ ਪੀਰਾਂ, ਪੈਗੰਬਰਾਂ ਤੇ ਧਾਰਮਿਕ ਆਗੂਆਂ ਨੂੰ ਕਿਧਰੇ ਉਸ ਉਮਰ ਤੇ ਪਹੁੰਚੇ ਕੇ ਗਿਆਨ ਦੀ ਪਦਵੀ ਪਰਾਪਤ ਹੋਈ ਜਿਸ ਆਯੂ ਵਿਚ ਕਿ (ਗੁਰੂ) ਗੋਬਿੰਦ ਸਿੰਘ ਜੀ ਨਵੀਂ ਕੌਮ ਬਣਾ ਕੇ ਤੇ, ਉਸ ਵਿਚ ਨਵਾਂ ਜੋਸ਼ ਤੇ ਨਵਾਂ ਜੀਵਨ ਫੂਕ ਕੇ ਤੇ ਨਵੀਂ ਕੌਮੀਅਤ ਭਰ ਕੇ ਇਸ ਫਾਨੀ ਸੰਸਾਰ ਤੋਂ ਚਲੇ ਗਏ।

ਮੈਕਲਫ— ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਜਾਦੂ ਵਰਗੀ ਤਾਕਤ ਸੀ। ਉਨ੍ਹਾਂ ਦੇ ਉਪਦੇਸ਼ਾਂ ਵਿਚ ਜਾਦੂ ਭਰਿਆ ਅਸਰ ਸੀ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਆਮ ਡਿਗੇ ਹੋਏ ਤੇ ਜ਼ੁਲਮ ਹੇਠ ਲਿਤਾੜੇ ਹੋਏ ਲੋਕਾਂ ਨੂੰ ਸੰਸਾਰ ਦੇ ਪ੍ਰਸਿਧ ਯੋਧੇ ਬਣਾ ਦਿਤਾ।



www.AKJ.Org

ਸੀ. ਐਚ. ਪੇਨ— ਗੁਰੂ ਗੋਬਿੰਦ ਸਿੰਘ ਜੀ ਪਹਿਲੇ ਨੇਤਾ ਹੋਏ ਹਨ ਜਿਨਾਂ ਲੋਕ-ਰਾਜ ਨੂੰ ਰਾਜਸੀ ਤੇ ਧਾਰਮਿਕ ਖੇਤਰਾਂ ਵਿਚ ਅਮਲੀ ਸ਼ਕਲ ਦੇ ਕੇ ਅਪਣਾਇਆ। ਇਸ ਤਰਾਂ ਗੁਰੂ ਜੀ ਨੇ ਜਥੇਬੰਦ ਧਰਮ ਨੂੰ ਪੰਚਾਇਤੀ ਅਸੂਲਾਂ ਦੇ ਅਧੀਨ ਕਰ ਕੇ ਹਰ ਵਿਅਕਤੀ ਨੂੰ ਅਪਣਾ ਸਵੈਮਾਨ ਪੂਰੀ ਤਰਾਂ ਮਾਨਣ ਤੇ ਪਰਫੁਲਤ ਕਰਨ ਦਾ ਅਵਸਰ ਦਿਤਾ।

ਗੁਰੂ ਨਾਨਕ ਦੇਵ ਜੀ ਵਾਂਗੂ ਗੁਰੂ ਗੋਬਿੰਦ ਸਿੰਘ ਜੀ ਨੇ ਪਵਿਤਰ ਜੀਵਨ ਤੇ ਸਭ ਤੋਂ ਵੱਧ ਜੋਰ ਦਿਤਾ ਪਰ ਬਹਾਦਰੀ ਦੇ ਕਾਰਨਾਮਿਆਂ ਤੇ ਕੌਮ ਉਸਾਰੀ ਨੂੰ ਭੀ ਨਾਲ ਹੀ ਥਾਂ ਦਿਤੀ। ਇਥੋਂ ਤਕ ਕਿ ਧਰਮ ਦੀ ਰਖਿਆ ਕਰਦੇ ਹੋਏ ਮਰ ਮਿਟਣ ਤੋਂ ਵਧ ਇਕ ਸਿੱਖ ਲਈ ਹੋਰ ਕੋਈ ਉੱਚਾ ਕਰਤੱਵ ਨਹੀਂ ਸੀ ਹੋ ਸਕਦਾ।

ਮੈਕਰੇਗਰ— ਜੇ ਗੁਰੂ ਗੋਬਿੰਦ ਸਿੰਘ ਜੀ ਦੇ ਕਾਰਨਾਮਿਆਂ ਨੂੰ ਵਾਚੀਏ, ਉਸ ਦੇ ਧਰਮ ਸੁਧਾਰ ਤੇ ਕੌਮ ਉਸਾਰੀ ਦੇ ਕੌਮਾਂ ਨੂੰ ਦੇਖੀਏ ਅਤੇ ਨਾਲ ਹੀ ਉਸ ਦੀ ਨਿੱਜੀ ਬਹਾਦਰੀ ਤੇ ਦੁੱਖਾਂ ਵਿਚ ਦ੍ਰਿੜਤਾ ਦੀ ਕਹਾਣੀ ਪੜ੍ਹੀਏ, ਤੇ ਫਿਰ ਉਨ੍ਹਾਂ ਦੁਖਾਂ ਦਾ ਟਾਕਰਾ ਕਰ ਕੇ ਦੇਖੀਏ ਜੋ ਉਸ ਨੂੰ ਸਹਿਣੇ ਪਏ ਅਤੇ ਅੰਤ ਵਿਚ ਦੁਸ਼ਮਨ ਤੇ ਮੁਸੀਬਤਾਂ ਦੇ ਮੁਕਾਬਲੇ ਵਿਚ ਉਸ ਨੂੰ ਜਿਤ ਪ੍ਰਾਪਤ ਕਰਦੇ ਦੇਖੀਏ ਤਾਂ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਉੱਚਾ ਗਿਣਨ ਵਿਚ ਕੋਈ ਹੈਰਾਨੀ ਨਹੀਂ ਹੋਵੇਗੀ। ਅਸੀਂ ਸਮਝ ਲਵਾਂਗੇ ਕਿ ਸਿੱਖ ਕਿਉਂ ਅਜ ਤਕ ਗੁਰੂ ਗੋਬਿੰਦ ਸਿੰਘ ਜੀ ਦੀ ਸਨਮਾਨ ਵਜੋਂ ਯਾਦ ਮਨਾਂਦੇ ਹਨ।

ਗਫ— ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦਾ ਇਕ ਅਤਿ ਸਿਆਣਾ, ਹਮੇਸ਼ਾਂ ਚੜ੍ਹਦੀ ਕਲਾ ਵਿਚ ਵਿਚਰਣ ਵਾਲਾ, ਪਵਿਤਰ ਜਜ਼ਬਿਆਂ ਨਾਲ ਭਰਪੂਰ, ਆਸ਼ਾਵਾਦੀ ਤੇ ਧਾਰਮਕ ਰੰਗਣ ਵਿਚ ਰੰਗਿਆ ਹੋਇਆ ਇਕ ਮਹਾਨ ਆਗੂ ਸੀ, ਜਿਸ ਨੇ ਅੰਮ੍ਰਿਤ ਦੀ ਰਸਮ ਦੁਆਰਾ ਕੌਮ ਦੀ ਨਵੇਂ ਸਿਰਿਓਂ ਉਸਾਰੀ ਕੀਤੀ।

ਗਾਰਡਨ— ਜਨਤਾ ਦੀਆਂ ਮੁਰਦਾ ਹਡੀਆਂ ਵਿਚ ਜੀਵਨ ਦੀ ਨਵੀਂ ਲਹਿਰ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ਾਂ ਨੇ ਪਾਈ। ਗੁਰੂ ਗੋਬਿੰਦ ਸਿੰਘ ਜੀ ਵਿਚ ਧਾਰਮਕ ਆਗੂ, ਇਕ ਬਾਦਸ਼ਾਹ, ਬਲਵਾਨ ਯੋਧੇ ਤੇ ਉਚੇ ਨੀਤੀਵਾਨ ਵਾਲੇ ਸਾਰੇ ਗੁਣ ਮੌਜੂਦ ਸਨ। ਉਸ ਬਿਖੜੇ ਸਮੇਂ ਵਿਚ ਗੁਰੂ ਗੋਬਿੰਦ ਸਿੰਘ ਹੀ ਅਗਵਾਈ ਕਰ ਸਕਦੇ ਸੀ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਸ਼ਕਤੀ ਦਾ ਧਾਰਨੀ ਬਣਾਇਆ। ਇਹੀ ਕਾਰਨ ਹੈ ਕਿ ਤਲਵਾਰ (ਕਿਰਪਾਨ) ਨੂੰ ਸਿੱਖਾਂ ਦੀ ਰਹਿਤ ਦਾ ਅੰਗ ਬਣਾ ਦਿਤਾ ਗਿਆ।

ਭਾਰਤ ਦੇ ਕੁਝ ਕੁ ਗੈਰ ਸਿਖ ਇਤਿਹਾਸਕਾਰਾਂ ਤੇ ਵਿਦਵਾਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਜੋ ਕੁਝ ਲਿਖਿਆ ਹੈ ਉਹ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਚੁਣ ਕੇ ਤੇ ਅਨੁਵਾਦ ਕਰ ਕੇ ਹੇਠ ਦਿਤਾ ਜਾਂਦਾ ਹੈ:-

ਮੁਹੰਮਦ ਲਤੀਫ—ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਉਚਾ ਸੀ ਅਤੇ ਉਸ ਨੇ ਜਿਸ ਕੰਮ ਨੂੰ ਅਰੰਭਿਆ ਉਹ ਮਹਾਨ ਸੀ। ਆਮ ਸਮਝ ਵਾਲਿਆਂ (ਆਮ ਪੱਧਰ ਦੇ ਲੋਕਾਂ) ਨੂੰ ਉਹ ਸ਼ਾਇਦ ਹਾਰੇ ਹੋਏ ਦਿਲ ਵਾਲੀ ਸਖਸ਼ੀਅਤ ਜਾਪੇ, ਪਰ ਇਹ ਸਭ ਉਸ ਦੀ ਬਰਕਤ ਤੇ ਵਡਿਆਈ ਹੈ ਕਿ ਨਿਰਜਿੰਦ ਤੇ ਲਿਤਾੜੇ ਹੋਏ ਲੋਕ ਜਥੇਬੰਦ ਹੋ ਗਏ। ਉਨ੍ਹਾਂ ਹੀ ਲਤਾੜੇ ਹੋਏ ਲੋਕਾਂ ਨੇ ਰਾਜਨੀਤਕ ਪ੍ਰਭਤਾ ਤੇ ਆਜ਼ਾਦੀ ਪ੍ਰਾਪਤ ਕੀਤੀ।

*******

ਖਤਰੇ ਅਤੇ ਤਬਾਹੀ ਦੇ ਹਾਲਤ ਵਿਚ ਗੁਰੂ ਨੇ ਦ੍ਰਿੜਤਾ ਦਾ ਪੱਲਾ ਨਾ ਛਡਿਆ ਰਣ ਭੂਮੀ ਵਿਚ ਉਸ ਦਾ ਹੌਂਸਲਾ ਤੇ ਬੀਰਤਾ ਦੇਖਣ ਵਾਲੇ ਹੁੰਦੇ ਸਨ...... ਇਹ ਉਸ ਦੀ ਲਗਾਤਾਰ ਕੋਸ਼ਿਸ਼ ਦਾ ਅਸਰ ਹੀ ਸੀ ਕਿ ਬੇਮੁਹਾਰੇ ਲੋਕ ਇਕ ਲੜੀ ਵਿਚ ਪਰੋਤੇ ਗਏ ਤੇ ਉਹ ਬਲਵਾਨ ਯੋਧੇ ਬਣ ਗਏ।

ਕੇ. ਐਮ. ਪਾਨੀਕਰ— ਆਪਣੇ ਉਦੇਸ਼ ਨੂੰ ਅਮਲੀ ਰੂਪ ਦੇਣ ਲਈ ਸਭ ਤੋਂ ਪਹਿਲਾਂ ਨਿਗਰ ਤੇ ਠੋਸ ਕਦਮ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਚੁਕਿਆ ਉਹ ਸੀ ਆਪਣੇ ਸਿੱਖਾਂ ਨੂੰ ਜਥੇਬੰਦ ਕਰਕੇ ਇਕ ਡਿਸਿਪਲਨ ਵਿਚ ਪਾਬੰਦ ਕਰਨਾ ਤਾਂ ਜੁ ਉਹ ਇਕ ਦੂਜੇ ਦੇ ਨੇੜੇ ਹੋ ਕੇ ਗੁਰੂ ਦੀ ਆਪਣੀ ਬੇਮਿਸਾਲ ਸਖਸ਼ੀਅਤ ਦੀ ਅਗਵਾਈ ਤੇ ਨਿਗਰਾਨੀ ਹੇਠਾਂ ਇਕ ਲੜੀ ਵਿਚ ਪਰੋਤੇ ਜਾਣ। ਇਸ ਉਦੇਸ਼ ਦੀ ਪੂਰਤੀ ਵਾਸਤੇ ਉਸ ਨੇ ਖਾਲਸਾ ਨਾਮ ਦੀ ਜਥੇਬੰਦੀ ਅਸਥਾਪਨ ਕੀਤੀ।

ਸਾਧੂ ਟੀ. ਐਲ. ਵਾਸਵਾਨੀ— ਗੁਰੂ ਜੀ ਨੇ ਆਪਣੇ ਜੀਵਨ ਉਦੇਸ਼ ਦੁਆਰਾ ਧਰਮ ਦੇ ਨਾਲ ਨਾਲ ਸ਼ਕਤੀ



www.AKJ.Org

ਤੇ ਦੇਸ਼-ਭਗਤੀ ਵੀ ਮਿਲਾ ਦਿਤੀਆਂ। ਉਨ੍ਹਾਂ ਨੇ ਆਪਣੇ ਆਪ ਨੂੰ ਪਰਮ ਪੁਰਖ ਦਾ ਦਾਸਾ ਹੀ ਸਮਝਿਆ। ਉਨ੍ਹਾਂ ਦਾ ਇਹ ਕਹਿਣਾ ਸੀ ਕਿ ਉਹ ਅਕਾਲ ਪੁਰਖ ਦੇ ਭੇਜੇ ਹੋਏ ਬੇਟੇ ਹਨ। ਉਹਨਾਂ ਦਾ ਅਨੁਭਵ ਸੀ ਕਿ ਉਹ ਧਰਮ ਨੂੰ ਠੀਕ ਰੂਪ ਵਿਚ ਪਰਚਾਰਣ, ਨੀਚਾਂ ਨੂੰ ਉਚਿਆਂ ਕਰਨ ਅਤੇ ਅਧਰਮ ਦਾ ਨਾਸ਼ ਕਰਨ ਲਈ ਸੰਸਾਰ ਵਿਚ ਆਏ ਹਨ। ਉਨ੍ਹਾਂ ਕਿਹਾ ਕਿ ਜੋ ਨਿਰੀ ਆਪਣੀ ਜਿੰਦ ਤੇ ਸਵਾਰਥ ਨੂੰ ਮੁੱਖ ਰਖੇਗਾ ਉਹ ਮੈਨੂੰ ਪ੍ਰਾਪਤ ਨਹੀਂ ਕਰ ਸਕੇਗਾ ਤੇ ਉਹ ਜੋ ਧਰਮ ਲਈ ਤੇ ਲੋਕ-ਸੇਵਾ ਲਈ ਜਿੰਦ ਜਾਨ ਲਾ ਦਏਗਾ, ਮੈਨੂੰ ਪਾ ਲਏਗਾ। ਪ੍ਰਮਾਤਮਾ ਦੇ ਨਾਂ ਤੇ ਕੁਝ ਲੋਕਾਈ ਦੀ ਸੇਵਾ ਕਰਦਿਆਂ ਉਨ੍ਹਾਂ ਆਪਣਾ ਸਭ ਕੁਝ ਵਾਰ ਸੁਟਿਆ ਤੇ ਇਸ ਵਿਚੋਂ ਵੀ ਉਨ੍ਹਾਂ ਨੂੰ ਅਸਲ ਅਨੰਦ ਦੀ ਪ੍ਰਾਪਤੀ ਹੋਈ ਤੇ ਉਹ ਸੀ ਪਰਮਾਨੰਦ-ਅਕਾਲ ਪੁਰਖ ਜੋ ਸਦਾ ਲਈ ਅਮਰ ਹੈ।

ਇੰਦੂ ਭੂਸ਼ਨ ਬੈਨਰ ਜੀ— ਗੁਰੂ ਗੋਬਿੰਦ ਸਿੰਘ ਜੀ ਹਿੰਦੁਸਤਾਨ ਦੀਆਂ ਕੁਝ ਕੁ ਮਹਾਨ ਹਸਤੀਆਂ ਵਿਚੋਂ ਹਨ, ਜਿਨਾਂ ਦੀ ਸਖਸ਼ੀਅਤ ਸਦੀਵੀ ਹੈ। ***********

ਉਨ੍ਹਾਂ ਨੇ ਨਵੇਂ ਢੰਗ ਦੇ ਲੋਕਾਂ ਨੂੰ ਜਨਮ ਦਿਤਾ ਅਤੇ ਹਿੰਦੁਤਸਾਨ ਵਿਚ ਇਕ ਨਵੀਂ ਤੇ ਭਾਰੀ ਤਾਕਤ ਪੈਦਾ ਕੀਤੀ। ਉਨ੍ਹਾਂ ਨੇ ਹਾਰੀਆਂ ਹੋਈਆ ਸ਼ਰੇਣੀਆਂ ਵਿਚੋਂ ਇਕ ਨਵੇਂ ਜੀਵਨ ਤੇ ਨਵੀਂ ਸ਼ਕਤੀ ਵਾਲੀ ਕੌਮ ਬਣਾਈ। ਉਹ ਲੋਕ ਜੋ ਪਹਿਲਾਂ ਨੀਚ ਅਪਵਿਤ੍ਰ ਸਮਝੇ ਜਾਂਦੇ ਸਨ ਤੇ ਦੁਰਕਾਰੇ ਹੋਏ ਸਨ, ਹੁਣ ਸਨਮਾਨੇ ਜਾਣ ਲਗ ਪਏ,...... ਇਹ ਸਭ ਕੁਝ ਖਾਲਸਾ ਪੰਥ ਦੇ ਸਾਜਣ ਦੇ ਡੂੰਘੇ ਅਸਰਾਂ ਦਾ ਨਤੀਜਾ ਸੀ।

ਗੋਕਲ ਚੰਦ ਨਾਰੰਗ—ਗੁਰੂ ਗੋਬਿੰਦ ਸਿੰਘ ਜੀ ਦੇ ਅਸਰ ਹੇਠਾਂ ਅਜੇਹੇ ਮਨੁੱਖ ਭੀ ਰਣ-ਭੂਮੀ ਦੇ ਸੂਰਮੇ ਬਣ ਗਏ, ਜਿਨਾਂ ਕਦੇ ਤਲਵਾਰ ਨੂੰ ਹਥ ਵੀ ਨਹੀਂ ਸੀ ਲਾਇਆ ਜਾਂ ਮੋਢੇ ਉਤੇ ਬੰਦੂਕ ਰਖ ਕੇ ਭੀ ਨਹੀਂ ਸੀ ਦੇਖੀ। ਮਹਿਰੇ, ਧੋਬੀ ਤੇ ਨਾਈ ਫੌਜਾਂ ਦੇ ਜਰਨੈਲ ਬਣ ਗਏ, ਜਿਨਾਂ ਦੇ ਸਾਹਮਣੇ ਵਡੇ ਵਡੇ ਰਾਜੇ ਤੇ ਨਵਾਬ ਵੀ ਆਵਣੋਂ ਘਬਰਾਂਦੇ ਸਨ। ************

ਗੁਰੂ ਗੋਬਿੰਦ ਸਿੰਘ ਜੀ ਉੱਚ ਚੋਟੀ ਦੇ ਕਵੀ ਤੇ ਮਹਾਨ ਵਿਦਵਾਨ ਸਨ। ਉਹ ਕਵੀਆਂ ਤੇ ਕੋਮਲ ਹੁਨਰ ਵਾਲਿਆਂ ਦੇ ਵਡੇ ਕਦਰਦਾਨ ਸਨ। ਪੰਜਾਬੀ ਤੋਂ ਛੁੱਟ ਆਪ ਸੰਸਕ੍ਰਿਤ, ਫਾਰਸੀ ਤੇ ਹਿੰਦੀ ਦੇ ਉੱਚ ਕੋਟੀ ਦੇ ਸਕਾਲਰ (Scholar) ਸਨ। ਹਿੰਦੀ ਵਿਚ ਆਪ ਦੀ ਕਵਿਤਾ ਦਾ ਕੋਈ ਵੀ ਵਡੇ ਤੋਂ ਵਡਾ ਹਿੰਦੀ ਕਵੀ ਮੁਕਾਬਲਾ ਨਹੀਂ ਕਰ ਸਕਦਾ।

ਲਾਲਾ ਦੌਲਤ ਰਾਏ— ਇਕ ਹੀ ਵਿਅਕਤੀ ਵਿਚ ਸਾਰੇ ਗੁਣ ਮਿਲਣੇ ਬਹੁਤ ਕਠਨ ਗੱਲ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਹਰ ਪਾਸਿਓ ਮੁਕੰਮਲ ਸਖਸ਼ੀਅਤ ਸਨ। ਉਹ ਮਹਾਂ ਕਵੀ ਸਨ, ਧਾਰਮਕ ਨੇਤਾ ਸਨ, ਚੋਟੀ ਦੇ ਇਕ ਸੁਧਾਰਕ ਸਨ, ਮੰਨੇ ਪਰਮੰਨੇ ਵਿਦਵਾਨ ਸਨ ਤੇ ਨਾਲ ਹੀ ਇਕ ਬਹੁਤ ਵਡੇ ਬਲਵਾਨ ਯੋਧੇ ਤੇ ਜਰਨੈਲ ਵੀ। ***********

ਗੁਰੂ ਗੋਬਿੰਦ ਸਿੰਘ ਜੀ ਇਕ ਵਡੇ ਦੂਰ-ਅੰਦੇਸ਼ ਤੇ ਸੱਚੇ ਦੇਸ਼ ਭਗਤ ਸਨ, ਜਿਨ੍ਹਾਂ ਨੇ ਕੌਮ ਤੇ ਧਰਮ ਦੀ ਅਨਥੱਕ ਸੇਵਾ ਕੀਤੀ। ਸ੍ਰੀ ਕ੍ਰਿਸ਼ਨ ਜੀ ਤੇ ਸ੍ਰੀ ਰਾਮਚੰਦਰ ਜੀ ਆਪਣੀ ਆਪਣੀ ਥਾਂ ਤੇ ਵਡੀਆਂ ਹਸਤੀਆਂ ਹੋਈਆਂ ਹਨ ਤੇ ਉਨ੍ਹਾਂ ਵੀ ਆਪਣੇ ਆਪਣੇ ਸਮੇਂ ਬਹੁਤ ਵਡੇ ਵਡੇ ਕਾਰਨਾਮੇ ਕੀਤੇ ਹਨ ਪਰ ਗੁਰੂ ਗੋਬਿੰਦ ਸਿੰਘ ਉਨਾਂ ਤੋ ਬਹੁਤ ਅਗੇ ਦਰਜਾ ਰਖਦੇ ਹਨ .... ਕ੍ਰਿਸ਼ਨ ਜੀ ਰਣਭੂਮੀ ਵਿਚ ਰਾਜਿਆਂ ਤੇ ਸ਼ਾਹਜ਼ਾਦਿਆਂ ਦੇ ਦਿਲਾਂ ਵਿਚੋਂ ਕਮਜੋਰੀ ਕਢਣ ਦਾ ਯਤਨ ਕਰਦੇ ਹਨ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਲੋਕਾਂ ਨੂੰ ਉਚਿਆਂ ਚੁਕਿਆ ਜੋ ਕਿ ਮਿੱਟੀ ਵਿਚ ਰੁਲਦੇ ਪਏ ਸਨ, ਜਿਨ੍ਹਾਂ ਨੂੰ ਇਹ ਸੁਪਨੇ ਵਿਚ ਵੀ ਚਿਤ ਚੇਤੇ ਨਹੀਂ ਸੀ ਕਿ ਉਹ ਕਦੀ ਜੰਗ ਦੇ ਮੈਦਾਨ ਵਿਚ ਜਾ ਕੇ ਬਹਾਦਰੀ ਦੇ ਕਾਰਨਾਮੇ ਕਰ ਦਿਖਾਣਗੇ।

***********

ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਯੋਧੇ ਤੇ ਸੱਚੇ ਕੌਮ ਪ੍ਰਸਤ ਸਨ। ਲੋਕਾਂ ਦੇ ਸੱਚੇ ਸਹਾਇਕ ਤੇ ਆਗੂ ਸਨ। ਲੋਕਾਂ ਦਾ ਪਿਆਰ ਦਿਲ ਵਿਚ ਲੈ ਕੇ, ਸੱਚੇ ਜ਼ਜ਼ਬੇ ਨਾਲ ਉਨ੍ਹਾਂ ਆਪਣੇ ਨਿਸ਼ਾਨੇ ਵਲ ਵਧਣਾ ਸ਼ੁਰੂ ਕੀਤਾ ਅਤੇ ਆਪਣੇ ਖਾਨਦਾਨ ਦੀ ਆਹੂਤੀ ਦੇਣ ਤੋਂ ਵੀ ਸੰਕੋਚ ਨਾ ਕੀਤਾ..... ਨਾਕਾਮਯਾਬੀ (ਅਸਫਲਤਾ)



www.AKJ.Org

ਤਾਂ ਸ਼ਬਦ ਗੁਰੂ ਦੀ ਡਿਕਸ਼ਨਰੀ ਵਿਚ ਨਹੀਂ ਸੀ ਅਤੇ ਉਹ ਜੋ ਕੁਝ ਚਾਹੁੰਦੇ ਸਨ, ਬਣਾ ਕੇ ਹੀ ਗਏ।

ਅੰਤ ਵਿਚ ਪੰਥ ਦੇ ਦੋ ਉਘੇ ਵਿਦਵਾਨਾਂ ਦੀਆਂ ਲਿਖਤਾਂ ਵਿਚੋਂ ਕਲਗੀਧਰ ਪਿਤਾ ਜੀ ਬਾਰੇ ਹਵਾਲੇ ਹਨ :-

ਭਾਈ ਵੀਰ ਸਿੰਘ—ਉਹ ਦਰਦ ਰਵਾਣੀ, ਸ੍ਵੈ-ਸਤਿਕਾਰ ਤੇ ਸ੍ਵੈ ਭਰੋਸਾ ਗੁਆ ਕੇ ਸ੍ਵੈਹੀਣਤਾ ਦੇ ਨਿਸਚੇ ਵਿਚ ਪੱਕੀ ਹੋ ਚੁਕੀ ਪਰਜਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਨੋ ਇਕ ਕਰਨਾਅ ਫੂਕੀ ਤੇ ਹੀਣਤਾ ਵਿਚ ਪਰੱਪਕ ਹੋ ਚੁੱਕੇ ਉਨ੍ਹਾਂ ਦੇ ਮਨ ਬੀਰਤਾ ਵਿਚ ਜਗਾ ਦਿਤੇ। ਹਾਂ, ਉਸ ਵੇਲੇ ਔਰੰਗਜ਼ੇਬ ਜੈਸੇ ਕਾਮਯਾਬ ਤੇ ਬਲੀ ਪਾਤਸ਼ਾਹ ਦੇ ਟਾਕਰੇ ਦਾ ਸੁਪਨ ਲਿਆ, ਖਿਆਲ ਡਉਲਿਆ ਤੇ ਜਾਹਰ ਕੀਤਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ।

************

ਗੁਰੂ ਜੀ ਦੇ ਕਈ ਗੁਣਾਂ ਵਿਚੋਂ ਇਕ ਹੋਰ ਗੁਣ ਵੀ ਸੀ ਤੇ ਉਹ ਸੀ ਵਿਦਵਤਾ ਦਾ। ਜਿਤਨਾ ਕੁ ਕਮਾਲ ਬੀਰ-ਰਸ ਦਾ ਸੀ ਉਤਨਾ ਹੀ ਵਿਦਿਆ ਦਾ ਸੀ। ਆਪ ਦੀਆਂ ਰਚਨਾਂ ਪੜ੍ਹ ਪੜ੍ਹ ਕੇ ਤਸੱਲੀ ਹੋ ਜਾਂਦੀ ਹੈ ਕਿ ਆਪ ਮਹਾਨ ਕਵੀ ਸੇ। ਵਿਦਿਆ ਵਿਚ ਪੂਰੀ ਗੰਮਤਾ ਸੀ। ਸ਼ੌਂਕ ਇਤਨਾ ਸੀ ਵਿਦਿਆ ਦਾ ਕਿ ਉਸ ਵੇਲੇ ਦੇ ਪ੍ਰਸਿਧ ਗ੍ਰੰਥਾਂ ਦੇ ਸੰਸਕ੍ਰਿਤ ਆਦਿ ਭਾਸ਼ਾ ਤੋਂ ਤਰਜਮੇ ਕਰਵਾਏ, ਨਵੀਨ ਗ੍ਰੰਥ ਰਚੇ ਤੇ ਰਚਵਾਏ। ਗੁਣੀ ਵਿਦਵਾਨਾਂ ਕਵੀਆਂ ਦੀ ਕਦਰਦਾਨੀ ਕੀਤੀ, ਐਤਨੀ ਕਿ ਅਜ ਕਲ ਉਸ ਦੀ ਨਜ਼ੀਰ ਨਹੀਂ ਦਿਸਦੀ। ਮਹਾਂਭਾਰਤ ਦੇ ਇਕ ਇਕ ਪਰਬ ਦੇ ਟੀਕੇ ਲਈ ਸਠ ਸਠ ਹਜ਼ਾਰ ਰੁਪਯਾ ਉਲਥਾਕਾਰਾਂ ਨੂੰ ਦਿਤਾ। ਸੋ ਨਾ ਕੇਵਲ ਆਪ ਕਵੀ ਤੇ ਦ੍ਰਿਸਟਾ ਤੇ ਦ੍ਰਿਸ਼ਟਮਾਨ ਦੋਹਾਂ ਵਿਦਯਾ ਵਿਚ ਵਿੱਦ ਸੇ ਪਰ ਸਗੋਂ ਆਪ ਵਿਦਿਆ ਤੇ ਦਿਵਯਾਵਾਨਾਂ ਦੇ ਭੀ ਭਾਰੀ ਸਰਪ੍ਰਸਤ ਸੇ।

ਪ੍ਰਿੰ: ਤੇਜਾ ਸਿੰਘ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੌਮੀ ਆਚਰਣ ਵਿਚ ਸਭ ਢੰਗਾਂ ਨਾਲ ਇਕ ਪਲਟਾ ਲੈ ਆਦਾਂ। ਉਹ ਲੋਕ ਜੋ ਮਨੁਖਾਂ ਵਿਚੋਂ ਬਿਲਕੁਲ ਨੀਚ ਗਿਣੇ ਜਾਂਦੇ ਸਨ, ਬਦਲ ਗਏ। ਜਿਵੇਂ ਉਨ੍ਹਾਂ ਨੂੰ ਜਾਦੂ ਨਾਲ ਕੋਈ ਉੱਚੀ ਤੇ ਬਚਿੱਤ੍ਰ ਅਵਸਥਾ ਦੇ ਦਿਤੀ ਗਈ ਹੋਵੇ। ਆਪਣੇ ਸਿੱਖਾਂ ਨੂੰ ਉਚਿਆਂ ਕਰਨ ਲਈ ਜੋ ਪੌੜੀ ਗੁਰੂ ਜੀ ਨੇ ਵਰਤੀ ਸੀ ਉਹ ਸੀ ਸ੍ਵੈਮਾਨ ਦੀ ਤੇ ਮਨੁਖੀ ਗੁਣਾਂ ਦੀ ਕਦਰ ਤੇ ਆਦਰ ਦੀ।

---

## ਧੰਨ ਧੰਨ ਪਿਤਾ ਦਸਮੇਸ਼ ਜੀ

(ਨਰਿੰਦਰ ਕੌਰ ਫੈਰੋਚੇਚੀ)

*ਕੀ ਤੁਹਾਡੀ ਸਿਫਤ ਸਲਾਹ ਲਿਖਾ ਕਲਮ ਲਿਖ ਸਕਦੀ ਨਹੀਂ।*
*ਧਰਮ ਦੀ ਖਾਤਰ ਪਰਉਪਕਾਰ ਕੀਤੇ ਜਿਹਬਾ ਵੀ ਬਿਆਨ ਕਰ ਸਕਦੀ ਨਹੀਂ।*
*ਅੱਖਾਂ ਦੇ ਸਾਹਮਣੇ ਪੁੱਤਰ ਸ਼ਹੀਦ ਹੋਏ, ਕਿੰਨਾ ਹੌਂਸਲਾ ਹੈ ਦੱਸ ਸਕਦੀ ਨਹੀਂ।*
*ਦਸਮੇਸ਼ ਪਿਤਾ ਜੀ ਬਹੁਤ ਹੈ ਦੇਣ ਤੁਹਾਡੀ, ਕੌਮ ਕਰਜਾ ਚੁਕਾ ਸਕਦੀ ਨਹੀਂ।*
*ਮਸੂਮ ਬਾਲ ਨੀਹਾਂ ਵਿਚ ਚਿਣਾ ਦਿੱਤੇ ਅਜਿਹੀ ਮਿਸਾਲ ਲੱਭ ਸਕਦੀ ਨਹੀਂ।*
*ਪੁੱਤਰਾਂ ਦੀ ਸੁੱਖ ਸਾਰੇ ਮੰਗਦੇ ਲਾੜੀ ਮੌਤ ਨਾਲ ਵਿਆਹੇ ਜਾਂਦੇ ਨਹੀਂ।*
*ਦੁੱਖ ਲੱਗੇ ਗੁਰੂ ਲੱਭੀਦਾ ਏ, ਜਖਮ ਐਵੇਂ ਮਿਟਾਏ ਜਾਂਦੇ ਨਹੀਂ।*
*ਖੁਦ ਆਪਣੇ ਹੱਥੀਂ, ਪੁੱਤਰ ਤਿਆਰ ਕੀਤੇ, ਬੱਲਦੀ ਭੱਠੀ ਵਿਚ ਪੁੱਤ ਭੇਜੇ ਜਾਂਦੇ ਨਹੀਂ।*
*ਅੱਖਾਂ 'ਚ ਅੱਥਰੂ ਨਾ ਆਉਣ ਦਿੱਤੇ ਜਿਹੀ ਮਿਸਾਲ ਲੱਭ ਸਕਦੀ ਨਹੀਂ।*
*ਕੀ ਤੁਹਾਡੀ ਸ਼ਿਫਤ ਸਲਾਹ ਲਿਖਾ, ਕਲਮ ਬਿਆਨ ਕਰ ਸਕਦੀ ਨਹੀਂ।*
*ਅੰਮ੍ਰਿਤ ਦੀ ਮਿਲੀ ਦਾਤ ਗਿਦੜੋ ਸ਼ੇਰ ਬਣਾ ਦਿੱਤਾ।*
*ਜਾਤ ਪਾਤ ਦੀ ਕੰਧ ਢਾਹ ਕੇ ਖਾਲਸਾ ਪੰਥ ਸਜਾ ਦਿੱਤਾ।*
*ਅੰਮ੍ਰਿਤ ਤਿਆਰ ਕਰਕੇ, ਪੰਜਾਂ ਤੋਂ ਮੰਗ ਕੀਤੀ, ਨਿਮਰਤਾ ਅਜਿਹੀ ਲੱਭ ਸਕਦੀ ਨਹੀਂ।*
*ਪੁੱਤਰਾਂ ਦੇ ਦਾਨੀ ਹੋ ਤੁਸੀਂ ਪਿਤਾ ਜੀ, ਅਜਿਹੀ ਦਇਆਲਤਾ ਲੱਭ ਸਕਦੀ ਨਹੀਂ।*
*ਤੁਹਾਡੀ ਸ਼ਿਫਤ ਸਲਾਹ ਕੀ ਲਿਖਾ, ਸਤਿਗੁਰੂ ਜੀ ਸ਼ਬਦ ਵੀ ਲੱਭ ਸਕਦੇ ਨਹੀਂ।*
*ਧੰਨ ਧੰਨ ਹੈ ਪਿਤਾ ਦਸਮੇਸ਼ ਜੀ "ਤੁਹਾਡੀ ਕੁਰਬਾਨੀ ਭੁਲ ਸਕਦੀ ਨਹੀਂ"*
*ਤੁਹਾਡੀ ਕੁਰਬਾਨੀ ਭੁੱਲ ਸਕਦੀ ਨਹੀਂ।*



www.AKJ.Org

# ਸਾਹਿਬੇ ਕਮਾਲ- ਗੁਰੂ ਗੋਬਿੰਦ ਸਿੰਘ

(ਵਲੋਂ ਭਾ: ਦੀਦਾਰ ਸਿੰਘ ਲੁਧਿਆਣਾ)

ਇਸ ਦਰਗਾਹੀ ਪੁੰਨ ਆਤਮਾ ਨੂੰ ਕਲੂ ਵਿਚ ਆ ਕੇ ਨੂਰੀ ਕਿਰਨਾਂ ਬਖੇਰਨੀਆਂ ਪਈਆਂ। ਅਕਾਲ ਪੁਰਖ ਸਭ-ਚਿਤ-ਅਨੰਦ ਹੋਣ ਨਾਤੇ ਦ੍ਵੈਧ ਹੋਣ ਦਾ ਤਾਂ ਕੋਈ ਸਵਾਲ ਹੀ ਨਹੀਂ ਸੀ। ਆਤਮ ਮੰਡਲ ਵਿਚੋਂ ਮਹਾਪਵਿੱਤਰ ਰੂਹ ਪਾਟਲੀ ਪੁਤਰ (ਬਿਹਾਰ) ਵਿਖੇ ਅਵਤਾਰ ਦੇ ਰੂਪ ਵਿਚ ਪ੍ਰਗਟ ਹੋਈ। ਉਸ ਸਮੇਂ ਮੁਗਲਾਂ ਦੇ ਰਾਜ ਭਾਗ ਦਾ ਸਮਾਂ ਸੀ। ਬੜਾ ਹੀ ਦੁਸ਼ਵਾਰ ਸਮਾਂ ਸੀ ਮੋਮਨਾ ਅਤੇ ਕਾਫਰਾਂ ਵਿਚ ਜ਼ਮੀਨ ਅਸਮਾਨ ਜਿੰਨੀ ਦੂਰੀ ਸੀ। ਮੋਮਨਾ ਉਤੇ ਤਾਂ ਅੱਲਾ ਤੁਆਲਾ ਦਾ ਫਜ਼ਲ ਸੀ। ਕਿੰਨੀਆਂ ਹੀ ਸਹੂਲਤਾਂ ਆਦਿਕ ਸਨ। ਕਾਫਰਾਂ ਦਾ ਜੀਉਣਾ ਦੁਭਰ ਬਣਿਆ ਹੋਇਆ ਸੀ ਤਸੱਦਦ ਤੇ ਕੁਫਰ ਉਹਨਾਂ ਉਤੇ ਕੈਹਰਾਂ ਦੇ ਢਾਏ ਜਾਂਦੇ ਸਨ।

ਭੀਖਨ ਸ਼ਾਹ ਵਰਗੇ ਅਧਿਆਤਮਿਕ ਮੰਡਲ ਦੇ ਰਾਹੀਆਂ ਨੇ ਇਸ ਰੱਬੀ ਜੋਤ ਦੇ ਦਰਸ਼ਨ ਦੀਦਾਰੇ ਕਰਕੇ ਆਪਣੇ ਆਪ ਨੂੰ ਧੰਨਭਾਗੀ ਹੋਣ ਦਾ ਪਾਤਰ ਬਣਾਇਆ ਅਤੇ ਆਪਣੇ ਅੰਦਰੋਂ ਉਠੀ ਹੂਕ ਨੂੰ ਠਾਰਿਆ। ਉਹਨੇ ਦੋ ਕੁੱਜੀਆਂ ਲਈਆਂ ਉਹਨਾ ਵਿਚ ਦੁਧ ਭਰਿਆ। ਇਸ ਨਵੇਂ ਪਰਗਟ ਹੋਏ ਮਸੀਹੇ ਦੀ ਵਡਿੱਤਣ ਦਾ ਪ੍ਰਤੱਖ ਹੋਣ ਦਾ ਤਾਤਪਰਜ ਕਢਿਆ। ਗੁਰੂ ਘਰਵਲੋਂ ਵਧੇਰਾ ਹੀ ਵਰਜਿਆ ਪਰ ਦਰਸ਼ਨ ਕਰਨ ਦੀ ਹਠ ਨੂੰ ਪੂਰਾ ਕਰਕੇ ਹੀ ਹਟੇ। ਮਾਮਾ ਕ੍ਰਿਪਾਲ ਜੀ ਨੂੰ ਨੂਰੀ ਬਾਲਕ ਨੂੰ ਮਹਿਲ ਚੋਂ ਬਾਹਰ ਲਿਆਉਣਾ ਹੀ ਪਿਆ। ਦੋਹਾਂ ਕੁੱਜੀਆਂ ਉਤੇ ਬਾਲਕ ਨੇ ਆਪਣੇ ਹੱਥ ਧਰ ਦਿਤੇ ਭਗਤ ਭੀਖਣ ਨੂੰ ਗੁਰਦੇਵ ਦੇ ਸਰਬਤ ਦੇ ਭਲੇ ਖਾਤਰ ਰਜੂਰ ਰਖਣ ਦਾ ਪ੍ਰੱਤਖ ਸਬੂਤ ਮਿਲ ਗਿਆ। ਲੋਕਾਂ ਵਿਚ ਇਹ ਗਲ ਘੁੰਮ ਗਈ ਕਿ ਖੁਦਾ ਪਟਨੇ ਵਿਚ ਪ੍ਰਗਟ ਹੋ ਗਿਆ ਹੈ।

ਗੁਰੂ ਆਪ ਖੁਦ ਸੰਪੂਰਨ ਆਤਮਾ ਹੋਣ ਤੇ ਨਾਤੇ ਕਈ ਅਲੌਕਿਕ ਕਾਰਨਾਮੇ ਸਾਹਮਣੇ ਆਏ। ਜਿਨਾਂ ਦੀ ਬਦੌਲਤ ਲੋਕ ਵੀ ਧੰਨ ਹੋ ਗਏ। ਪਾਣੀ ਭਰਨ ਜਾਂਦੀਆਂ ਗੁਜਰੀਆਂ ਦੇ ਮਟਕੇ ਗੁਲੇਲ ਨਾਲ ਭੰਨਣੇ ਕੰਗਣਾ ਦਾ ਵਗਦੇ ਦਰਿਆ ਵਿਚ ਵਗਾਹ ਮਾਰਨਾ, ਦੋ ਟੋਲੀਆਂ ਬਣਾ ਕੇ ਜੰਗ ਰਚਾਉਣ ਦੇ ਨਾਟਕ, ਬੇਔਲਾਦੀ ਰਾਣੀ ਮੈਣੀ ਦੇ ਨਾਲ ਛੋਲੇ ਖਾਣ ਦਾ ਆਹਰ, ਉਹਨਾਂ ਦੇ ਬਚਪਨ ਦੀਆਂ ਅਭੁਲ ਯਾਦਗਾਰਾਂ ਬਣ ਗਈਆਂ।

ਦਸਮੇਸ਼ ਪਿਤਾ ਦੀ ਸਖਸ਼ੀਅਤ ਹੀ ਜਾਦੂਮਈ ਤੇ ਤਿਲਸਮੀ ਸੀ। ਉਹਨਾਂ ਦੀ ਤੱਕਣੀ ਵਿਚ ਰੱਬੀ ਆਕਰਸ਼ਨ ਸੀ। ਉਹਨਾਂ ਦੇ ਕੌਤਕ ਸਭ ਨੂੰ ਰੀਝਣ ਦੇ ਸਮਰਥ ਸਨ। ਭਾਵੇਂ ਉਹਨਾਂ ਦੇ ਅਵਤਾਰ ਧਾਰਿਆਂ ਨੂੰ ਤਿੰਨ ਸੌ ਵਰ੍ਹੇ ਬੀਤ ਗਏ ਹਨ, ਪਰ ਉਹਨਾਂ ਦੀਆਂ ਦੈਵੀ ਛੋਹਾਂ ਤੇ ਚੋਜਾਂ ਭਰੀਆਂ ਹਰਕਤਾਂ ਅੱਜ ਤਕ ਅਭੁਲ ਬਣੀਆਂ ਹੋਈਆਂ ਹਨ। ਅਕੀਦਤ ਭਰੇ ਅਰਮਾਨ ਲੋਕਾਂ ਦੇ ਅਜੇ ਵੀ ਹਰੇ ਹਨ। ਅਪਣੀ ਆਰਜਾ ਦੇ ਮੁੱਢਲੇ ੬ ਵਰ੍ਹੇ ਪਟਨੇ ਵਿਚੰ ਪਾਈਆਂ ਪੈੜਾਂ ਉਥੋਂ ਦੇ ਵਸਨੀਕਾਂ ਨੂੰ ਅਜ ਤਕ ਭਲੀ ਪ੍ਰਕਾਰ ਯਾਦ ਹਨ। ਪਟਨੇ ਤੋਂ ਅਨੰਦਪੁਰ ਸਾਹਿਬ ਤਕ ਸਮੇਂ ਦੀ ਲੋੜ ਅਨੁਸਾਰ ਯਾਤਰਾਂ ਕਰਨੀ ਪਈ ਪਰ ਉਹਨਾਂ ਦੀ ਪਾਵਨ ਸਖਸ਼ੀਅਤ ਦਾ ਅਸਰ ਹੀ ਏਨਾ ਸੀ ਕਿ ਵਸਲ ਸਹਿਣਾ ਬਿਹਾਰੀ ਲੋਕਾਂ ਨੂੰ ਔਖਾ ਹੋ ਗਿਆ। ਆਖਰ ਪਟਨੇ ਤੋਂ ਵਦਾਇਗੀ ਲੈਣੀ ਹੀ ਪਈ। ਅਨੰਦਪੁਰ ਦੀ ਧਰਤੀ ਨੂੰ ਭਾਗ ਲਾਏ।

ਮੁਗਲਾਂ ਦੇ ਪੈਰ ਭਾਰਤ ਵਿਚ ਪੂਰੀ ਤਰਾਂ ਜੰਮ ਚੁਕੇ ਸਨ। ਉਹਨਾਂ ਦੀ ਹੈਂਕੜ ਨੇ ਉਪਦਰਵਾਂ ਨੂੰ ਜਨਮ ਦਿੱਤਾ। ਮੁਸਲਮਾਨ ਮੋਮਨਾ ਨੂੰ ਅਲਾਹ ਪਾਕ ਦੇ ਫਰਜਿੰਦ ਮੰਨਦੇ ਸਨ ਤੇ ਬਾਕੀਆਂ ਨੂੰ ਕਾਫਰ ਕਹਿ ਕੇ ਛੇੜਦੇ ਸਨ। ਉਹਨਾਂ ਦੇ ਗਲਾਂ ਉਤੇ ਛੁਰੀਆਂ ਫੇਰਨੀਆਂ ਆਪਣੇ ਅਹੰ ਦਾ ਪਰਮ ਧਰਮ ਸਮਝਦੇ ਸਨ। ਆਲਮਗੀਰੀ ਨਕਸ਼ਾ ਉਹਨਾਂ ਦੀ ਦ੍ਰਿਸ਼ਟੀ ਵਿਚ ਅਟਕਿਆ ਹੋਇਆ ਸੀ। ਦੂਜੇ ਧਰਮ ਦੇ ਬੰਦਿਆਂ ਨੂੰ ਅਕਹਿ ਤੇ ਅਸਹਿ ਤਸੀਹੇ ਦਿੱਤੇ ਜਾਂਦੇ ਸਨ। ਜਦ ਕਿ ਮੁਸਲਮਾਨਾਂ ਨੂੰ ਸਾਰੀਆਂ ਸੁਵਿਧਾ ਅਤੇ ਰਿਐਤਾ ਨਾਫਜ ਸਨ। ਆਏ ਦਿਨ ਦੀਆਂ ਅਜੀਅਤਾਂਤੋਂ ਤੰਗ ਆਕੇ ਬਹੁਤੇ ਲੋਕਾ ਨੇ ਮੁਸਲਮਾਨ ਮਤ ਧਾਰਨ ਕਰ ਹੀ ਲਿਆ। ਹਿੰਦੂ ਧਰਮ ਨੂੰ ਖੱਜਲ ਖੁਆਰ ਕਰਨ ਲਈ ਅਣਗਿਣਤ ਲੋਕਾਂ ਦੇ ਪਵਿੱਤਰ ਜਨੇਊ ਨਿੱਤ ਲਾਹੇ ਜਾਂਦੇ। ਵਧੀਆਂ ਤੇ ਚੰਗੇ ਕਪੜੇ ਪਹਿਨ ਤੋਂ ਮਨਾਹੀ, ਲੜ ਵਾਲੀ ਪਗੜੀ ਬੰਨਣ ਤੋਂ ਬੰਧੇਜ, ਸਿਧੀ ਗਰਦਨ ਰਖ ਕੇ ਚਲਣ



www.AKJ.Org

ਤੇ ਰੌਂਕ, ਇੱਜਤ ਆਬਰੂ ਬੁਰੀ ਤਰਾਂ ਮਲੀਆਮੇਟ ਹਰ ਸੁੰਦਰ ਹਿੰਦੂ ਕੁੜੀ ਤੇ ਮੁਟਿਆਰ ਨੂੰ ਹਰਮ ਵਿਚ ਲਿਜਾ ਕੇ ਕਾਮ ਚੇਸ਼ਟਾ ਦੀ ਪੂਰਤੀ ਕਰਨੀ ਸਾਧਾਰਨ ਗਲ ਸੀ। ਲੋਕਾਂ ਤੇ ਜਜੀਆ ਪੈਸਿਆਂ ਦੀ ਖੋਹਾ ਖਿੱਚੀ, ਪਤ ਰੋਲਣ ਦਾ ਨੰਗਾ ਨਾਚ, ਕਿਸੇ ਰਾਹਤ ਤੋਂ ਮਹਿਰੂਮ ਰਖਣਾ ਉਸ ਸਮੇਂ ਦੀ ਘਿਨੌਣੀ ਹਰਕਤ ਬਣ ਚੁਕੀ ਸੀ। ਅਜਿਹੀ ਬੇਵਸੀ ਦੀ ਹਾਲਤ ਨੇ ਹੀ ਕਸ਼ਮੀਰੀ ਪੰਡਤਾਂ ਦਾ ਵਫਦ ਕ੍ਰਿਪਾ ਰਾਮ ਦੀ ਅਗਵਾਈ ਵਿਚ ਅਨੰਦਪੁਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਦੀ ਸ਼ਰਨ ਆ ਹਾਜ਼ਰ ਹੋਇਆ। ਬੜੀ ਦਰਦ ਭਰੀ ਆਹੋ ਜਾਰੀ ਕਰਦਿਆਂ ਜੀਵਨ ਦੀ ਤ੍ਰਾਸਦੀ ਨੂੰ ਜ਼ਾਹਰ ਕੀਤਾ। ਇਸ ਬੈਹੂਦਗੀ ਤੋਂ ਖਲਾਸੀ ਖਾਤਰ ਰਹਿਮ ਦੀ ਅਪੀਲ ਆ ਗੁਜਾਰੀ। ਗੁਰਦੇਵ ਤੇਗ ਬਹਾਦਰ ਨੇ ਇਸ ਭਿਆਨਕ ਸਥਿਤੀ ਨੂੰ ਬੜਾ ਮੰਦਭਾਗਾ ਕਿਹਾ ਤੇ ਫੁਰਮਾਇਆ ਕਿ ਇਸ ਕਸ਼ਟ ਦੀ ਨਵਿਰਤੀ ਲਈ ਕਿਸੇ ਮਹਾਂਬਲੀ ਦੀ ਆਹੂਤੀ ਦੀ ਅਵਸ਼ਕਤਾ ਹੈ। ਐਨ ਉਸੇ ਸਮੇਂ ਆਪਣੇ ਆੜੀਆਂ ਨਾਲ ਖੇਡਦਾ ਬਾਲਕ ਗੋਬਿੰਦ ਉਥੇ ਆ ਗਿਆ। ਪਿਤਾ ਨੂੰ ਗੰਭੀਰ ਰੌਂ ਵਿਚ ਵੇਖ ਪੁਛ ਬੈਠੇ "ਪਿਤਾ ਜੀ ਬੜੇ ਪ੍ਰੇਸ਼ਾਨ ਲਗਦੇ ਹੋ" ਗੁਰੂ ਪਿਤਾ ਨੇ ਸਾਫ ਗੋਈ ਤੋਂ ਕੰਮ ਲਿਆ ਕਿ ਇਹਨਾਂ ਦੀ ਬਿਧਤਾ ਨਵਿਰਤ ਕਰਨ ਹਿਤ ਕਿਸੇ ਮਹਾਂਬਲੀ ਦੀ ਕੁਰਬਾਨੀ ਦੀ ਲੋੜ ਹੈ। ੯ ਵਰਿਆਂ ਦੇ ਬਾਲ ਗੋਬਿੰਦ ਨੇ ਬੜੇ ਪਤੇ ਦੀ ਗਲ ਕਹੀ ਕਿ ਹਜੂਰ ਪਿਤਾ ਨਾਲੋਂ ਹੋਰ ਕਿਹੜਾ ਮਹਾਂਬਲੀ ਹੋ ਸਕਦਾ ਹੈ। ਬਾਲ ਗੋਬਿੰਦ ਦੀ ਕਹੀ ਹੋਈ ਡੂੰਘੀ ਰਮਜ ਨੂੰ ਹਜੂਰ ਭਾਂਪ ਗਏ। ਤਦ ਹੀ ਕ੍ਰਿਪਾ ਰਾਮ ਕਸ਼ਮੀਰੀ ਪੰਡਤ ਨੂੰ ਸੰਬੋਧਨ ਕਰਕੇ ਆਖਿਆ ਪੰਡਤ ਜੀ ਜਾਉ ਜਾਕੇ ਕਹਿ ਦਿਉ ਕਿ ਜੇ ਤੇਗ ਬਹਾਦਰ ਨੂੰ ਧਰਮ ਬਦਲਣ ਲਈ ਰਾਜੀ ਕਰ ਲਵੋ ਤਾਂ ਸਾਰੇ ਹਿੰਦੂ ਮੁਸਲਮਾਨ ਬਣ ਜਾਵਾਂਗੇ। ਇਹ ਪੈਗਾਮ ਔਰੰਗਜੇਬ ਲਈ ਸੀ। ਹਰ ਬਾਲਕ ਦੀ ਮਹੱਤਵ ਪੂਰਨ ਗੱਲ ਨੂੰ ਏਨੀ ਅਹਿਮੀਅਤ ਦੇਣਾ ਤਾਂ ਹਰ ਮਾਪੇ ਲਈ ਜਰੂਰੀ ਬਣਦਾ ਹੈ। ਅੰਤਰਜਾਮੀ ਤਾਂ ਸਨ ਹੀ ਗੁਰਦੇਵ। ਭਵਿੱਖ ਵਿਚ ਕੀ ਹੋਣ ਵਾਲਾ ਹੈ ਉਹ ਚੰਗੀ ਤਰ੍ਹਾਂ ਸਮਝਦੇ ਸਨ। ਆਮ ਰਵਾਇਤ ਵੀ ਸੀ ਕਿ ਹਮੇਸ਼ਾ ਕਾਤਲ ਮਕਤੂਲ ਵਲ ਨੂੰ ਜਾਂਦਾ ਹੈ ਇਥੇ ਤਾਂ ਗੰਗਾ ਹੀ ਉਲਟੀ ਵਗ ਪਈ ਕਿ ਮਕਤੂਲ ਨੇ ਕਾਤਲ ਵਲ ਨੂੰ ਕਦਮ ਵਧਾਏ। ਨਿਰਾਲੀ ਖੇਡ ਦੇਖਣ ਵਿਚ ਆਈ। ਆਖਰ ਦਿੱਲੀ ਵਿਖੇ ਹਜ਼ੂਰ ਨੂੰ ਸ਼ਹੀਦ ਕਰ ਦਿੱਤਾ ਗਿਆ।

੯ ਵਰ੍ਹਿਆਂ ਦੇ ਗੱਦੀ ਨਸ਼ੀਨ ਦਸ਼ਮੇਸ਼ ਪਿਤਾ ਦੇ ਮਨ ਉਤੇ ਸਮੇਂ ਦੀ ਸਮਾਜਕ ਦਿਸ਼ਾ ਉਕਰੀ ਹੋਈ ਸੀ। ਇਸ ਵਿਚ ਇਨਕਲਾਬੀ ਤਬਦੀਲੀ ਦੀ ਵਿਉਂਤ ਲੋਕੀ ਹੋਈ ਸੀ। ਹੀਣ ਭਾਵਨਾ ਨੂੰ ਨਿਕਾਰਨਾ ਸੀ। ਚਿੜੀਆਂ ਬਣ ਚੁੱਕੀਆਂ ਆਤਮਾਵਾਂ ਵਿਚ ਸ਼ੇਰ ਦੀ ਰੂਹ ਫੂਕਣੀ ਜਰੂਰੀ ਸੀ। ਅਜਿਹੀ ਇਨਕਲਾਬੀ ਤਬਦੀਲੀ ਲਈ ਗੁਰੂ ਗੋਬਿੰਦ ਸਿੰਘ ਪੂਰਨ ਸਮਰਥ ਸਨ ਤੇ ਨਿਭੇ ਵੀ ਪੂਰੀ ਸਫਲਤਾ ਨਾਲ। ਤਾਹੀਂਓਂ ਤਾਂ ਚਿੜੀਆਂ ਨਾਲ ਬਾਜ਼ ਲੜਾ ਦਿੱਤੇ। ਸਵਾ ਲਾਖ ਸੇ ਏਕ ਲੜਾਊਂ ਦੀ ਰਣਨੀਤੀ ਨੂੰ ਸਾਕਾਰ ਕਰਕੇ ਵਿਖਾ ਦਿੱਤਾ। ਔਰੰਗਜ਼ੇਬ ਨੂੰ ਫਤਿਹਨਾਮਾ ਫਾਰਸੀ ਵਿਚ ਚਿੱਠੀ ਲਿਖ ਕੇ ਉਹਦੀਆਂ ਕੀਤੀਆਂ ਜਾ ਰਹੀਆਂ ਕਰਤੂਤਾਂ ਦਾ ਭਾਂਡਾ ਭੰਨ ਦਿੱਤਾ। ਸਿੱਟਾ ਇਹ ਨਿਕਲਿਆ ਕਿ ਔਰੰਗਜ਼ੇਬ ਉਤੇ ਇਹ ਸਾਫਗੋਈ ਦਾ ਏਨਾ ਅਸਰ ਹੋਇਆ ਕਿ ਉਹਦੇ ਪ੍ਰਾਣ ਪੰਖੇਰੂ ਹੋ ਗਏ।

ਦੱਖਣ ਵਿਚੋਂ ਬੰਦੇ ਵੈਰਾਗੀ ਨੂੰ ਬੰਦਾ ਬਹਾਦਰ ਬਣਾ ਕੇ ਨਵੀਂ ਯੋਜਨਾ ਬੱਧ ਮੁਹਿੰਮ ਲਈ ਜਰਨੈਲ ਦੇ ਰੂਪ ਵਿਚ ਪੰਜਾਬ ਭੇਜਿਆ ਜਿਸ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਹੰਕਾਰੀਆਂ ਨੂੰ ਹੰਕਾਰ ਤੋਂ ਤੋਬਾ ਕਰਵਾ ਦਿੱਤੀ। ਇਕ ਅਜਿਹੀ ਸਪਿਰਟ ਗੁਰੂ ਗੋਬਿੰਦ ਸਿੰਘ ਨੇ ਸਿੰਘਾਂ ਵਿਚ ਭਰ ਦਿੱਤੀ ਸੀ ਕਿ ਉਹ ਮਰ ਮਿਟ ਤਾਂ ਗਏ ਪਰ ਕਿਸੇ ਅਗੇ ਹਾੜੇ ਨਹੀਂ ਕੱਢੇ। ਨਾ ਹੀ ਕਿਸੇ ਨੇ ਇਸਲਾਮ ਹੀ ਕਬੂਲ ਕੀਤਾ। ਉਮਰ ਦਾ ਕੋਈ ਤਕਾਜਾ ਨਹੀਂ ਸੀ ਸ਼ਹਾਦਤ ਨੂੰ ਬੜੀ ਫ਼ਖ਼ਰ ਵਾਲੀ ਗੱਲ ਸਮਝਣ ਲੱਗ ਗਏ ਸਨ।

ਅੰਮ੍ਰਿਤ ਦੀ ਦਾਤ ਨੇ ਖਾਲਸਾ ਪੰਥ ਦੀ ਸਾਜਨਾ ਵਿਚ ਇਕ ਅਲੌਕਿਕ ਰੂਹ ਭਰ ਦਿੱਤੀ। ਜਾਤ ਪਾਤ ਦਾ ਭੋਗ ਪੈ ਗਿਆ। ਚੜ੍ਹਦੀ ਕਲਾ ਦਾ ਰੰਗ ਬੱਝ ਗਿਆ। ਅਕਾਲ ਪੁਰਖ ਦੇ ਭਾਣੇ ਵਿਚ ਵਿਚਰਨ ਦੀ ਆਦਤ ਪੱਕੀ ਹੋ ਗਈ। ਪ੍ਰਭੂ ਦੀ ਸਿਫ਼ਤ ਸਾਲਾਹ ਕਰਨ ਦੀ ਜਾਂਚ ਆ ਗਈ। ਅਰਦਾਸ ਬੇਨਤੀ ਦਾ ਪਾਠ ਪੜ੍ਹਾਇਆ। ਕੁਝ ਰਹਿਤਾਂ ਤੇ ਅਮਲ ਕਰਕੇ ਸਚਿਆਰਾ ਹੋਣ ਦਾ ਵੱਲ ਸਿਖਾਇਆ।


www.AKJ.Org

"ਖਾਲਸਾ ਮੇਰਾ ਰੂਪ ਹੈ ਖਾਸ, ਖਾਲਸੇ ਮੈ ਹਉ ਕਰੌਂ ਨਿਵਾਸ।"

ਦੀ ਪਾਲਸੀ ਦ੍ਰਿੜ੍ਹ ਕਰਵਾ ਦਿੱਤੀ। ਦਸਮੇਸ਼ ਪਿਤਾ ਆਪ ਸੰਪੂਰਨ ਸਿਪਾਹੀ ਸਨ। ਉਹ ਖੁਦ ਬਹੁਤ ਸਾਰੇ ਹਥਿਆਰ ਚਲਾਉਣ ਵਿਚ ਪ੍ਰਬੀਨ ਸਨ। ਘੋੜ ਸਵਾਰੀ, ਤੀਰ ਅੰਦਾਜੀ ਅਤੇ ਤਲਵਾਰ ਵਾਹੁਣ ਵਿਚ ਉਹਨਾਂ ਦਾ ਕੋਈ ਸਾਨੀ ਹੀ ਨਹੀਂ ਸੀ। ਉਹ ਸ਼ਾਸਤਰਾਂ ਦੇ ਬਹੁਤ ਦਿਲਦਾਦਾ ਸਨ। ਆਪਣੇ ਪ੍ਰੇਮੀਆਂ ਨੂੰ ਵਧੀਆ ਸ਼ਾਸਤਰ ਨਜ਼ਰਾਨੇ ਵਜੋਂ ਲਿਆਉਣ ਦੀ ਹਦੈਤ ਕਰਦੇ ਸਨ। ਉਹਨਾਂ ਦੀ ਤੀਰ ਅੰਦਾਜੀ ਕਾਬਲਿ-ਜਿਕਰ ਹੈ। ਉਹ ਦਿਆਲੂ ਏਨੇ ਸਨ ਹਰ ਤੀਰ ਦੀ ਮਾਣੀ ਨਾਲ ਕੁਝ ਸੋਨਾ ਮੜਿਆ ਹੁੰਦਾ ਹੈ ਤਾਂ ਜੁ ਬੰਦਾ ਮਰ ਜਾਣ ਉਪ੍ਰੰਤ ਆਪਣਾ ਦਾਹ ਸੰਸਕਾਰ ਮਾਣੀ ਨਾਲ ਲੱਗੇ ਸੋਨੇ ਦੇ ਪੈਸੇ ਵੱਟ ਕੇ ਆਸਾਨੀ ਨਾਲ ਕਰਵਾ ਲਵੇ ਕਿਸੇ ਮੂਹਰੇ ਹੱਥ ਨਾ ਅੱਡਣੇ ਪੈਣ। 42 ਸਾਲਾਂ ਦੀ ਅਲਪ ਜੀਵਨ ਯਾਤਰਾ ਵਿਚ ਉਹਨਾਂ ਨੇ 14 ਯੁਧ ਕੀਤੇ। ਪ੍ਰਭੂ ਦੀ ਅਪਾਰ ਕ੍ਰਿਪਾ ਨਾਲ ਉਹ ਸਭ ਵਿਚੋਂ ਸਫਲ ਹੋਏ। 52 ਨਾਮਵਰ ਕਵੀ ਗੁਰੂ ਦਰਬਾਰ ਦੇ ਦਰਬਾਰੀ ਕਵੀ ਸਨ ਪੁਰਾਣੇ ਇਤਹਾਸ ਤੇ ਮਿਥਹਾਸ, ਨੂੰ ਸਰਲ ਭਾਸ਼ਾ ਵਿਚ ਅਨੁਵਾਦ ਕਰਵਾਇਆ। ਇਹ ਗਲ ਹੋਰ ਹੈ ਕਿ ੭ ਮਣ ਦਾ ਸਾਹਿਤ ਸਰਸਾ ਨਦੀ ਦੇ ਹੜ ਵਿਚ ਅਲੋਪ ਹੋ ਗਿਆ।

ਅਕਾਲ ਪੁਰਖ ਨੂੰ ਸਦਾ ਅੰਗ ਸੰਗੇ ਰਹਿਣ ਦਾ ਰੋਜਮਰਾ ਦਾ ਅਭਿਆਸ ਖਾਲਸੇ ਤੋਂ ਕਰਵਾਉਂਦੇ। ਉਸ ਅਕਾਲ ਪੁਰਖ ਦੀ ਸਿਫਤ ਸਲਾਹ ਕਰਨ ਦੀ ਜਾਚ ਦਸੀ। ਉਹਨਾ ਦੀ ਸਮੁੱਚੀ ਸਖਸ਼ੀਅਤ ਜਾਦੂਮਈ ਸੀ ਕਿ ਜਣਾਂ ਖਣਾ ਹੀ ਪ੍ਰਭਾਵਤ ਹੋ ਜਾਂਦਾ ਸੀ। ਚੰਦਨ ਵਾਂਗ ਆਲੇ ਦੁਆਲੇ ਦੀ ਬਨਸਪਤੀ ਵਿਚ ਚੰਦਨ ਦੀ ਖੁਸ਼ਬੋ ਆਉਣ ਲਗ ਪੈਂਦੀ ਸੀ। ਇਸੇ ਤਰਾਂ ਉਹਨਾਂ ਦੇ ਸੰਪਰਕ ਵਿਚ ਆਏ ਬਹੁਤ ਸਾਰੇ ਵਿਅਕਤੀ ਨਾਮ ਬਾਣੀ ਨਾਲ ਜੁੜ ਜਾਂਦੇ ਤੇ ਸਦਾ ਵਾਸਤੇ ਉਹਨਾ ਦੇ ਮੁਰੀਦ ਬਣ ਜਾਂਦੇ। ਗੁਰਦੇਵ ਦੇ ਹਰ ਹੁਕਮ ਨੂੰ ਕਬੂਲਣ ਲਈ ਤਤਪਰ ਰਹਿੰਦੇ। ਜੇ ਕਿਸੇ ਨੇ ਬੰਦੂਕ ਨਜ਼ਰਾਨੇ ਵਜੋ ਅਰਪਨ ਕੀਤੀ ਉਹਦਾ ਅਚੁੱਕ ਨਿਸਾਨਾ ਪਰਖਣ ਲਈ ਕਿਵੇਂ ਮਨੁਖ ਨੂੰ ਸਾਹਮਣੇ ਖੜਨ ਦਾ ਇਸ਼ਾਰਾ ਹੁੰਦਾ ਤਾਂ ਇਕ ਦੂਜੇ ਤੋਂ ਮੂਹਰੇ ਪੁਜਣ ਦੀ ਦੌੜ ਲਗ ਜਾਂਦੀ। ਗੁਰੂ ਹਾਕਮਾਂ ਦੀ ਤਾਮੀਲ ਬੜੇ ਚਾਅ ਨਾਲ ਕਰਨ ਦਾ ਮੌਕਾ ਭਾਲਦੇ ਰਹਿੰਦੇ। ਹਰ ਪਰਾਣੀ ਹਜੂਰ ਦੇ ਹੁਕਮ ਦੀ ਪਾਲਣਾ ਹਿਤ ਵਿਹਵਲ ਹੋ ਜਾਂਦੇ। ਨਾਮਦਾਨ ਵਿਚ ਰੰਗੇ ਸਤ ਪੁਰਸ਼ ਅੰਮ੍ਰਿਤ ਵੇਲੇ ਦਾ ਪੂਰਾ ਲਾਹਾ ਖਟਦੇ। ਰਹਿਤਾਂ ਵਲ ਉਚੇਚਾ ਖਿਆਲ ਦਿੰਦੇ। ਸਚਿਆਰਾ ਬਣਨ ਦਾ ਉਹਨਾ ਵਿਚ ਸਦਾ ਚਾਅ ਚੜਿਆ ਰਹਿੰਦਾ। ਅਕਾਲ ਪੁਰਖ ਦੇ ਭਾਣੇ ਨੂੰ ਸਰੇ-ਖਮ ਤਸਲੀਮ ਕਰਦੇ। ਉਹ ਕਦੇ ਵੀ ਅਵੇਸਲੇ ਨਾ ਹੁੰਦੇ। ਸਤਸੰਗ ਵਿਚ ਦ੍ਰਿੜ ਨਿਸਚਾ ਬਣਿਆ ਰਹਿੰਦਾ। ਕਾਮ ਕ੍ਰੋਧ ਲੋਭ ਮੋਹ ਹੰਕਾਰ ਫਿਕੇ ਪੈ ਜਾਂਦੇ।

ਸਾਰਾ ਗੜੀ ਦੀ ਲੜਾਈ ਦੀ ਭੂਮਿਕਾ ਵਿਸ਼ਵ ਭਰ ਅਜ ਤਕ ਲਾਸਾਨੀ ਬਣੀ ਹੋਈ ਹੈ। ਇਸਦੇ ਪਿਛੇ ਦੇ ਦਸਮੇਸ਼ ਦੀ ਨਿਵਾਜ਼ਨ ਦਾ ਹੀ ਕਾਰਾ ਹੈ। ਮੁੱਠੀ ਭਰ ਜਾਂਬਾਜਾਂ ਦੀ ਕੁਰਬਾਨੀ ਨੇ ਇਤਹਾਸ ਮਿਰਜਾ ਦਿਤਾ। ਪੁਰਜਾ ਪੁਰਜਾ ਤਾਂ ਕਟ ਮਰੇ ਪਰ ਲਾਜ ਨੂੰ ਦਾਗੀ ਨਹੀਂ ਹੋਣ ਦਿੱਤਾ ਉਹ ਭਾਵੇ ਨਹੀ ਰਹੇ ਪਰ ਉਹਨਾ ਦਾ ਨਾਂ ਰਹਿੰਦੀ ਦੁਨੀਆਂ ਤਕ ਅਮਰ ਰਹੇਗਾ। ਇਹ ਹੈ ਸਾਹਿਬੇ ਕਮਾਲ ਦੀ ਦਾਸਤਾਨ ਦੀ ਝਲਕ।

(ਪੰਨਾ ੮ ਦਾ ਬਾਕੀ ....)

ਬਣ ਗਿਆ, ਬਣਿਆ ਹੀ ਨਹੀਂ, ਜਿਹੜਾ ਵੀ ਤੱਕਦਾ ਹੈ, ਸਰਦਾਰ ਜੀ ਕਹਿ ਕੇ ਪੁਕਾਰਦਾ ਹੈ।

ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ॥
ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ॥
(ਸੂਹੀ ਮਹਲਾ ੪- ੭੩੫)

ਜੇ ਮੁਗਲ ਬਾਦਸ਼ਾਹਾਂ ਵਲ ਗਹੁ ਨਾਲ ਤੱਕੀਏ ਤਾਂ ਪਤਾ ਲੱਗੇਗਾ ਕਿ ਕਿਨੇ ਬਾਦਸ਼ਾਹਾਂ ਨੇ ਆਪਣੀ ਬਾਦਸ਼ਾਹੀ ਆਪਣੇ ਪੁੱਤਰਾਂ ਨੂੰ ਸਫਲ ਪੂਰਬ ਆਪਣੀ ਇੱਛਾ ਨਾਲ ਦਿੱਤੀ ਹੈ, ਤੇ ਜੀਉਂਦਿਆਂ ਸੌਂਪੀ ਹੈ। ਪਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਜਿਹੜੇ ਅਧਿਕਾਰ ਦਿੱਤੇ ਹਨ, ਜਿਹੜਾ ਮਾਣ, ਤਾਣ, ਆਪਣਾ ਸਰੂਪ, ਜਾਂ ਆਪਣੀ ਜੋਤਿ-ਜੁਗਤਿ ਸੌਂਪੀ ਹੈ ਤੇ ਪਾਰਸ ਦਾ ਸਪਰਸ਼ ਗੁਣ ਬਖਸ਼ਿਆ ਹੈ, ਉਹ ਸੱਚੇ ਸ਼ਾਹਿਨਸ਼ਾਹ ਨੂੰ ਹੀ ਸੋਭਦਾ ਹੈ, ਝੂਠੇ ਬਾਦਸ਼ਾਹਾਂ ਨੂੰ ਨਹੀਂ। ----



www.AKJ.Org

# ਸ਼ੁਭ ਕਰਮਨ ਤੇ ਕਬਹੂੰ ਨ ਟਰੋਂ

(ਭਾ: ਗੁਰਦੇਵ ਸਿੰਘ ਲਹਿਰ)

ਆਤਮ ਸਮਰਪਣ ਕਰਨ ਨਾਲ ਹੀ ਅਭੇਦਤਾ ਬਣ ਆਉਂਦੀ ਹੈ। ਫੇਰ ਸਾਰੀਆਂ ਚੇਸ਼ਟਾਵਾਂ ਤੇ ਮਨੋਵੇਗ ਅਲੋਪ ਹੋ ਜਾਂਦੇ ਹਨ। ਵਿਸ਼ਾਲਤਾ ਤੇ, ਬੇਅੰਤਤਾ ਦੇ ਭਾਉ ਭਾਰੀ ਹੋ ਜਾਵੇ ਫੇਰ ਕਿਸੇ ਪ੍ਰਕਾਰ ਦੀ ਦਵੈਤ ਨਹੀਂ ਹੁੰਦੀ। ਭਰੋਸੇ ਦੀਆਂ ਤੰਦਾਂ ਪੀਡੀਆਂ ਹੁੰਦੀਆਂ ਜਾਂਦੀਆਂ ਹਨ। ਨਦਰਿ ਅਨਾਇਤ ਵਲ ਸੁਰਤ ਟਿਕ ਜਾਂਦੀ ਹੈ। ਡਾਂਵਾਂਡੋਲ ਤੇ ਥਿੜਕਣ ਦਾ ਅਭਾਵ ਹੋ ਜਾਂਦਾ ਹੈ। ਕਿਸੇ ਵਿਚਾਰਧਾਰਾ ਜਾਂ ਫਲਸਫੇ ਉਤੇ ਇਹਤਕਾਟ ਇਰਾਦੇ ਵਿਚ ਦ੍ਰਿੜਤਾ ਆਦਰਸ਼ਕ ਕਿਰਿਆ ਬਣ ਜਾਂਦੀ ਹੈ।

''ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ (੮੫)

ਰਸਿਕ ਵੈਰਾਗੀਆਂ ਵਿਚ ਅਜਿਹਾ ਖੋਖਲਾਪਨ ਮੁਕ ਜਾਂਦਾ ਹੈ।

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ ਪੂਰਬਲੇ ਜਨਮ ਵਿਚ ਬੜੀ ਕਠਿਨ ਤਪਸਿਆ ਸਾਧੀ ਸੀ। ਆਤਮ ਮੰਡਲ ਵਿਚ ਉਹਨਾਂ ਨੂੰ ਸਿਖਰਲਾ ਸਥਾਨ ਪ੍ਰਾਪਤ ਹੋ ਗਿਆ ਸੀ। ਜਿਥੇ ਸੁਖ ਹੀ ਸੁਖ ਅਤੇ ਅਨੰਦ ਹੀ ਅਨੰਦ ਸੀ। ਦੁਨੀਆਵੀ ਖਿੱਚਾ, ਲਾਲਸਾਵਾਂ ਮਾਇਆ ਦੇ ਭਰਮ ਜਾਲਾਂ ਦਾ ਉਥੇ ਕੋਈ ਮੁਕਾਮ ਹੀ ਨਹੀਂ ਸੀ। ਆਤਮਾ ਪ੍ਰਮਾਤਮਾ ਨਾਲ ਇਕ ਸੁਰ ਹੋ ਗਈ ਸੀ। ਨੇਹ ਕਲੰਕ ਅਵਤਾਰ ਦੀ ਜਪ ਤਪ ਸਾਧਨਾ ਤੋਂ ਨਿਹਾਲ ਹੋ ਕੇ ਸਿਰਜਨਹਾਰ ਨੇ ਅਪਣਾ ਆਦੇਸ਼ ਦੇ ਦਿਤਾ ਤਾਂ ਹੀ ਤਾਂ

ਇਹ ਕਾਰਜਿ ਪ੍ਰਭ ਮੋਹਿ ਪਠਾਯੋ॥ ਤਬ ਮੈ ਜਗਤ ਜਨਮ ਧਰਿ ਆਯੋ॥
ਜਿਸ ਤਿਸ ਕਹੀ ਤਿਨੈ ਤਿਸ ਕਹਿਹੋ॥ ਅਉਰ ਕਿਸੂ ਵੈਰ ਨਾ ਕਹਿਹੋ॥

ਹੁਕਮ ਦੀ ਤਾਮੀਲ ਤਾਂ ਸਵੀਕਾਰ ਕਰ ਲਈ ਪਰ ਸਭਨਾਂ ਨੂੰ ਅਗਾਹ ਕਰ ਦਿੱਤਾ ਕਿ:

ਜੋ ਹਮ ਕੋ ਪਰਮੇਸ਼ਰ ਉਚਰਿਹੈ॥ ਤੇ ਸਭ ਨਰਕ ਕੁੰਡ ਮਹਿ ਪਰਿਹੈ॥
ਮੋ ਕੋ ਦਾਸ ਤਵਨ ਕਾ ਜਾਣੋ॥ ਯਾ ਜੈਂ ਭੇਦ ਨ ਰੰਚ ਪਛਾਣੋ॥

ਕਿੰਨੀ ਕਮਾਲ ਦੀ ਨਿਮਰਤਾ ਹੈ। ਏਨੀ ਬੁਲੰਦ ਅਵਸਥਾ ਤੇ ਪੁੰਜ ਕੇ ਵੀ ਹਉ ਨੇੜੇ ਵੀ ਨਹੀਂ ਆਉਣ ਦਿਤੀ। ਆਤਮਿਕ ਮੰਡਲ ਦੇ ਪਾਂਧੀ ਦੀ ਸੁਰਤ ਅਸੁਥਲ ਪ੍ਰਭੂ ਚਰਨਾਂ ਵਿਚ ਹੀ ਟਿਕੀ ਰਹੀ। ਭੋਤਕ ਜਗਤ ਵਿਚ ਮਾਇਆ ਨੇ ਪ੍ਰਭਾਵਤ ਕਰਨ ਦਾ ਬੜਾ ਜੋਰ ਲਾਇਆ। ਪਰ ਅਪਣੀ ਪਰੀਪੂਰਨਤਾ ਵਿਚ ਪਤਲਾਪਨ ਰਤਾ ਵੀ ਨਾ ਹੋਣ ਦਿਤਾ। ਥਿੜਕਣਾ ਵੀ ਕਿਉਂ ਸੀ। ਸੁਰਤ ਵਿਚ ਹੁਕਮ ਨੂੰ ਘੁਥੰਨ ਹੀ ਨਹੀਂ ਦਿਤਾ ਪਿਤਾ ਪ੍ਰਭੂ ਨਾਲ ਪਿਆਰ ਜਿਉਂ ਕਾਮਲ ਸੀ ਸੱਚਾ ਸੀ ਸ੍ਰੀਰਕ ਸਿਰਜਨਾ ਤਾਂ ਅਵੱਸ਼ ਹੋ ਗਈ ਪਰ ਧਰਮ ਕਰਮ ਨੂੰ ਨਜਰੋਂ ਉਹਲੇ ਨਾ ਹੋਣ ਦਿਤਾ।

ਅਲੀਯਾਰ ਖਾਂ ਜੋਗੀ ਜੰਗੇ ਸ਼ਹੀਦਾਂ ਵਿਚ ਉਹਨਾਂ ਦੀ ਅਜ਼ੀਮ ਸਖਸ਼ੀਅਤ ਦੇ ਕਈ ਪਹਿਲੂਆਂ ਦਾ ਵਰਨਣ ਕਰਦਿਆਂ ਕਹਿੰਦਾ ਹੈ।

ਯਾਕੂਬ ਕੋ ਯੂਸਫ ਨੇ ਬਿਛੁੜਕੇ ਨਾ ਰੁਲਾਇਆ।
ਬਾਬਰ ਕੋਈ ਕਮ ਐਸਾ ਰਸੂਲ ਮੈ ਹੈ ਆਇਆ।।
ਕਟਵਾ ਕੇ ਪਿਸਰ(ਪੁਤਰ) ਚਾਰ
ਇਕ ਆਂਸੂ ਭੀ ਨਾ ਗਿਰਾਇਆ।
ਰੁਤਬਾ ਗੁਰੂ ਗੋਬਿੰਦ ਸਿੰਘ ਨੇ
ਚਿੜੀਓਂ ਕਾ ਬੜਾਇਆ।

ਹੋਰ ਲਿਖਦਾ ਹੈ:

ਇਨਸਾਫ ਕਰੇ ਜੋ ਜ਼ਮਾਨਾ ਤੋ ਯਕੀਂ ਹੈ।।
ਕਹਿ ਦੇਗਾ ਕਿ ਗੁਰੂ ਗੋਬਿੰਦ ਸਿੰਘ ਕਾ


www.AKJ.Org

ਸਾਨੀ ਹੀ ਨਹੀਂ ਹੈ।

ਕਰਤਾਰ ਕੀ ਸੋਗੰਧ ਵ ਨਾਨਕ ਕੀ ਕਸਮ ਹੈ।

ਜਿਤਨੀ ਭੀ ਹੈ ਗੋਬਿੰਦ ਕੀ ਤਾਰੀਫ ਵੁਹ ਕਮ ਹੈ॥

ਰਬੀ ਨੂਰ ਗੁਰੂ ਗੋਬਿੰਦ ਸਾਹਿਬ ਵਿਚ ਸਰਵ ਸ਼੍ਰੇਸਟ ਸਿਫਤਾਂ ਵਸਫ ਤੇ ਸ਼ਕਤੀਆਂ ਹੋਣ ਦੇ ਬਾਵਜੂਦ ਉਹ ਆਪਣੇ ਆਪ ਨੂੰ ਪਰਮ ਪੁਰਖ ਕਾ ਦਾਸ ਦਸਦੇ ਹਨ। ਜੇਕਰ ਉਹਨਾਂ ਨੂੰ ਕੋਈ ਸਤਿਕਾਰ ਵਜੋਂ ਸਲਾਮ ਕਰਦਾ ਹੈ ਉਹਦੇ ਲਈ ਉਹ ਕਹਿੰਦੇ ਕਿ ਵਾਹਿਗੁਰੂ ਹੀ–

ਹਮੇਸੁਲ ਸਲਾਮ ਹੈ॥ ਸਮਸਤੁਲ ਕਲਾਮ ਹੈ॥

ਅਤੇ ਨਮਸਕਾਰ ਤਿਸ ਹੀ ਕੋ ਹਮਾਰੀ॥ ਸਕਲ ਪਰਜਾ ਜਿਨ ਆਪ ਸਵਾਰੀ॥

ਪਾਤਸ਼ਾਹਾਂ ਦੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੀ ਹਸਤੀ ਦੀ ਨਿਮੰਰਤਾ 'ਸਫਰੀ' ਨੇ ਆਪਣੀ ਨਜ਼ਮ ਵਿਚ ਇਉਂ ਕੀਤਾ ਹੈ।

ਕਹਿੰਦੇ ਦੇਸ਼ ਦਾ ਜਦੋਂ ਸਹਾਰਾ ਨਹੀਂ ਸੀ॥<br>
ਉਦੋਂ ਪਿਤਾ ਇਸ ਦੇਸ਼ ਤੋਂ ਵਾਰਿਆ ਮੈਂ।<br>
ਮਾਤਾ ਗੁਜਰੀ ਸਰਹੰਦ ਦੇ ਵਿਚ ਗੁਜਰੀ॥<br>
ਸਮਾਂ ਗੁਜਾਰਿਆਂ ਜਿਵੇਂ ਗੁਜਾਰਿਆਂ ਮੈਂ।<br>
ਚਾਰ ਪੁਤਰ ਸਨ ਬਖਸ਼ੇ ਪ੍ਰਮਾਤਮਾ ਨੇ,<br>
ਉਹ ਵੀ ਜੋੜਾ ਜੋੜਾ ਕਰਕੇ ਵਾਰਿਆ ਮੈਂ।<br>
ਮੈਨੂੰ ਮਤ ਸਹਿਨਸ਼ਾਹ ਤੁਸੀਂ ਕਹੋ ਸਿਖੋ॥<br>
ਕਿਸ਼ਤਾਂ ਨਾਲ ਤਾਂ ਕਰਜਾ ਉਤਾਰਿਆ ਮੈਂ।

ਸ੍ਰੀ ਦੌਲਤ ਰਾਮ ਆਰੀਆਂ ਨੇ 'ਸਵਾਨੇ ਉਮਰੀ ਗੁਰੂ ਗੋਬਿੰਦ ਸਿੰਘ' ਵਿਚ ਜਿਕਰ ਹੈ "ਭਾਰਤ ਦੀ ਕਿਸ਼ਤੀ ਡੂੰਘੇ ਭੰਵਰੇਂ ਵਿਚ ਸੀ ਜਿਸ ਦਾ ਨਾ ਕੋਈ ਮਲਾਹ ਸੀ ਨਹੀਂ ਕੋਈ ਕਪਤਾਨ। ਹਰ ਪਾਸੇ ਸੂਕਦਾ ਤੂਫਾਨ, ਘੁਪ ਹਨੇਰਾ ਤੇ ਡਰਾਉਣੀਆਂ ਲਹਿਰਾਂ ਦਾ ਪਸਾਰਾ ਸੀ। ਗੁਰੂ ਗੋਬਿੰਦ ਸਿੰਘ ਨੇ ਇਸ ਕਿਸ਼ਤੀ ਨੂੰ ਨਾ ਸਿਰਫ ਤੂਫਾਨ ਵਿਚ ਹੀ ਕਢਿਆ ਸਗੋਂ ਸਹੀ ਸਲਾਮਤ ਕਿਨਾਰੇ ਤੇ ਲਿਆ ਖੜਾ ਕੀਤਾ। "

ਦਸਮੇਸ਼ ਪਿਤਾ ਨੇ ਕਿਸੇ ਖੁਦਗਰਜੀ ਦੀ ਭਾਵਨਾ ਨੂੰ ਪ੍ਰਗਟ ਹੀ ਨਹੀਂ ਹੋਣ ਦਿਤਾ। ਸਗੋਂ ਸਦਾ ਹੀ ਪਿਤਾ ਪਰਮੇਸ਼ਵਰ ਦੀ ਓਟ ਫੜੀ ਰਖੀ ਤੇ ਉਹਦੇ ਹੁਕਮ ਦੀ ਹੀ ਤਾਮੀਲ ਕੀਤੀ।

ਤਹੀ ਪ੍ਰਕਾਸ਼ ਹਮਾਰਾ ਭਯੋ॥ ਪਟਨਾ ਸ਼ਹਰ ਵਿਖੈ ਭਵ ਲਯੋ॥

ਬਚਪਨ ਤੋਂ ਹੀ ਕਈ ਕੌਤਕ ਸੁਣਨ ਲਈ ਮਿਲਦੇ ਹਨ। ਸਾਹਿਬ ਜ਼ਾਦਾ ਸੁੰਦਰ ਤਾਂ ਸੀ ਹੀ। ਦੋ ਸੋਨੇ ਤੇ ਕੰਗਣ ਬਾਹਾਂ ਵਿਚ ਸਜੇ ਹੋਏ ਹਨ ਨਾਲ ਵਗਦੇ ਦਰਿਆ ਵਿਚ ਇਕ ਕੰਗਣ ਵਗਾਹ ਮਾਰਿਆ। ਤੇ ਪੁਛਿਆ ਗਿਆ ਕਿ ਤੇਰਾ ਕੰਗਣ ਕਿਥੇ ਹੈ। ਲੋਭ ਤ੍ਰਿਸ਼ਨਾ ਨਾ ਹੋਣ ਕਰਕੇ ਦੂਜਾ ਕੰਗਣ ਬਾਂਹ ਚੋਂ ਕਢ ਕੇ ਪਾਣੀ ਵਿਚ ਸੁੱਟ ਦਿਤਾ ਤੇ ਕਿਹਾ ਕਿ ਏਥੇ ਸੁਟਿਆ ਹੈ। ਛਲ ਕਰਨ ਵਾਲੀ ਮਾਯਾ ਦੈਵੀ ਪੁਰਸ਼ ਨੂੰ ਕਿਵੇਂ ਛਲ ਸਕਦੀ ਸੀ। ਉਹ ਆਪ ਬ੍ਰਹਮ ਵੇਤਾ ਸਨ।

ਗੱਫ ਲਿਖਾਰੀ ਲਿਖਦਾ ਹੈ ਗੁਰੂ ਗੋਬਿੰਦ ਸਿੰਘ ਸੰਸਾਰ ਦਾ ਇਕ ਅਤਿ ਸਿਆਣਾਂ, ਹਮੇਸ਼ਾ ਚੜ੍ਹਦੀ ਕਲਾ ਵਿਚ ਵਿਚਰਨ ਵਾਲਾ ਪਵਿੱਤਰ ਜਜਬਿਆਂ ਨਾਲ ਭਰਪੂਰ, ਆਸ਼ਾਵਾਦੀ, ਧਾਰਮਿਕ ਰੰਗਣ ਵਿਚ ਰੰਗਿਆ ਹੋਇਆ ਉਹ ਮਹਾਨ ਆਗੂ ਸੀ ਜਿਸ ਨੇ ਅੰਮ੍ਰਿਤ ਦੀ ਰਸਮ ਦੁਆਰਾ ਕੌਮ ਦੀ ਨਵੇਂ ਸਿਰਿਓਂ ਉਸਾਰੀ ਕੀਤੀ।

ਲਤੀਫ ਲਿਖਦਾ ਹੈ ਕਿ ਇਹ ਸਭ ਉਹਨਾਂ ਦੀ ਹੀ ਬਰਕਤ ਹੈ ਕਿ ਮੁਰਦਾ ਤੇ ਲਿਤਾੜੇ ਹੋਏ ਲੋਕ ਜਥੇਬੰਦ ਹੋਏ। ਉਹਨਾਂ ਲਿਤਾੜੇ ਹੋਏ ਪੁਰਸ਼ਾਂ ਨੇ ਹੀ ਰਾਜਨੀਤਕ ਪ੍ਰਭੁਤਾ ਅਤੇ ਆਜ਼ਾਦੀ ਪ੍ਰਾਪਤ ਕੀਤੀ।

ਕਨਿੰਘਮ ਲਿਖਦਾ ਹੈ ਕਿ ਸਿਖਾਂ ਵਿਚ ਅਥਾਹ ਜਜ਼ਬਾ ਪਹਿਲਾਂ ਸਤਗੁਰਾਂ ਦੀ ਕ੍ਰਿਪਾ ਦੁਆਰਾ ਭਰਿਆ

ਜਾ ਚੁਕਾ ਸੀ। ਗੁਰੂ ਗੋਬਿੰਦ ਸਿੰਘ ਨੇ ਐਸੀ ਰੂਹ ਫੂਕੀ ਕਿ ਸਿਰਫ ਸਿਖਾਂ ਦੇ ਮਨਾਂ ਨੂੰ ਹੀ ਬਦਲ ਦਿਤਾ ਸਗੋਂ ਹਰ ਪੱਖੋਂ ਬਲਵਾਨ ਤੇ ਤਕੜਾ ਕਰ ਦਿੱਤਾ। ਅਕਲ ਤੇ ਸ਼ਕਲ ਦੋਨੋਂ ਹੀ ਬਦਲ ਗਈਆਂ।

ਇਨਸਾਨ ਵਿਚ ਉਨਸ ਸਰਗਮ ਕੀਤੀ ਗਈ ਸੀ। ਇਹ ਬਾਤ ਦੀਗਰ ਹੈ ਓ ਸੰਸਾਰ ਦੇ ਮਾਇਕ ਪੇਖਨਾ ਕਰਕੇ ਮਨੋ- ਪਤਲੀ ਪੈ ਜਾਂਦੀ ਹੈ। ਪਰ ਇਹ ਸਮੇਲ ਆਦਿ ਸਮੇਂ ਤੋਂ ਹੀ ਹੈ। ਉਨਸ ਲੇਸ ਲਗਾਓ ਤੇ ਹਮਦਰਦੀ ਦਾ ਹੀ ਦੂਜਾ ਨਾਂ ਹੈ। ਹਮਦਰਦੀ ਤੋਂ ਬਿਨਾਂ ਕਿਸੇ ਨਾਲ ਨੇੜਤਾ ਹੋ ਹੀ ਨਹੀਂ ਸਕਦੀ। ਉਹ ਸਿਰਜਨਹਾਰ ਤਾਂ ਸਮੇਂ ਦੇ ਚਕਰਾਂ ਤੋਂ ਬਾਹਲੀ ਅਗੰਮ ਤੇ ਅਗਾਧ ਸ਼ਕਤੀ ਹੈ।

'ਦੇਖਣ ਆਯੋ ਜਗਤ ਤਮਾਸ਼ਾ'

ਕਹਿਣ ਨੂੰ ਤਾਂ ਬੜੀ ਸੋਖੀ ਤੇ ਸਾਦਾ ਗਲ ਲਗਦੀ ਹੈ। ਪਰ ਗਰਜ ਕਾਰਨ ਮਾਇਆ ਦਾ ਰੰਗ ਐਸਾ ਚੜ੍ਹਦਾ ਹੈ ਕਿ ਉਤਰਣ ਤਾ ਨਾਂ ਹੀ ਨਹੀਂ ਲੈਂਦਾ। ਸੋ ਜਿਸ ਉਤੇ ਦਾਤਾਰ ਦੀ ਨਦਰਿ-ਅਨਾਇਤ ਹੋਵੇ ਤਾਂ ਉਹਦੇ ਵਲੋਂਕੀਤੇ ਕਾਰਜ ਇਕ ਇਤਹਾਸ ਬਣ ਜਾਂਦੇ ਹਨ। ਜਿਵੇਂ ਭਾਈ ਘਨਈਏ ਨੇ ਜਲ ਛਕਾਉਣ ਦੀ ਸੇਵਾ ਨਿਭਾਈ। ਹੋਛੇ ਬੰਦਿਆਂ ਨੇ ਸ਼ਿਕਾਇਤ ਗੁਰਦੇਵ ਕੋਲ ਕੀਤੀ। ਭਾਈ ਘਨਈਏ ਦੀ ਪੇਸ਼ੀ ਹੋਈ ਜਦੋਂ ਪੁਛਿਆਂ ਕਿ ਪਾਣੀ ਦੁਸ਼ਮਣਾਂ ਨੂੰ ਕਿਉਂ ਪਲਾਂਦਾ ਹੈ। ਉਤਰ ਵਿਚ ਉਹ ਬੋਲਿਆ ਗਰੀਬ ਨਿਵਾਜ ਮੈਨੂੰ ਤਾਂ ਕੋਈ ਬਿਗਾਨਾ ਦਿਸਿਆ ਹੀ ਨਹੀਂ। ਉਤਰ ਸੁਣ ਦਸਮੇਸ਼ ਨੇ ਜੇਬ ਵਿਚੋਂ ਮਲ੍ਹਮ ਦੀ ਇਕ ਡਬੀ ਵੀ ਬਖਸ਼ੀ ਕਿ ਜਖਮੀਆਂ ਦੇ ਇਹ ਮਲ੍ਹਮ ਵੀ ਲਾ ਦਿਆ ਕਰ। Red cross ਸੰਸਥਾ ਦਾ ਮੁੱਢ ਇਥੋਂ ਹੀ ਬਝਾ ਸੀ। ਸੇਵਾ ਕਰਨ ਦਾ ਖੇਤਰ ਹੋਰ ਵਸੀਹ ਹੋ ਗਿਆ। ਹੌਂਸਲਾਂ ਅਫਜਾਈ ਵਖਰੀ ਹੋਈ ਸੀਸ ਤਲੀ ਤੇ ਰਖਣ ਨਾਲ ਨਾਨਕ ਦਰਬਾਰ ਦੀ ਹਾਜਰੀ ਲਗਣੀ ਸ਼ੁਰੂ ਹੋ ਜਾਂਦੀ ਹੈ। ਜਿਸ ਕਿਸੇ ਨੇ 'ਪਹਿਲਾਂ ਮਰਣ ਕਬੂਲ ਜੀਵਨ ਕੀ ਛਡ ਆਸ ਹੋ ਸਭਨਾਂ ਦੀ ਰੇਣਕਾ ਤੋ ਆਓ ਹਮਾਰੇ ਪਾਸ'' ਗੁੜ੍ਹਤੀ ਦਾ ਸਵਾਦ ਚਖ ਲਿਆ। ਫੇਰ ਭਾਵੇਂ ਕੋਈ ਬੰਦ ਬੰਦ ਕਟੇ, ਰੰਬੀ ਨਾਲ ਖੋਪਰੀ ਉਤਰੇ, ਦੇਗ ਵਿਚ ਉਬਾਲੇ ਖਾਵੇ, ਪੈਰ ਥਿੜਕਣੋਂ ਰੁਕ ਜਾਂਦੇ ਹਨ।

੧੬੯੯ ਵਿਚ ਪੰਜ ਪਿਆਰਿਆਂ ਨੇ ਸੀਸ ਭੇਟ ਕਰਨ ਦੀ ਮਰਯਾਦਾ ਨੂੰ ਸਵੀਕਾਰ ਕੀਤਾ ਭਾਰਤ ਦੇ ਵਖੋ ਵਖਰੇ ਸੂਬਿਆਂ ਵਿਚੋਂ ਅੱਡ ਅੱਡ ਜਾਤਾਂ ਦੇ ਬੰਦਿਆਂ ਨੇ ਗਰੀਬ ਨਿਵਾਜ ਸਾਹਮਣੇ ਹਥ ਜੋੜ ਕੇ ਕਿਹਾ ਕਿ ਹਜੂਰ ਇਹ ਸਾਰਾ ਜਿਸਮ ਹੀ ਤੁਹਾਡਾ ਅਪਣਾ ਹੈ ਕਬੂਲ ਕਰੋ। ਲਹੂ ਨਾਲ ਲਿਬੜੀ ਤਲਵਾਰ ਦੇਖ ਕੇ ਵੀ ਅਨਡਿਠ ਕਰ ਦਿਤੀ। ਇਹ ਸਿੱਖੀ ਦਾ ਚਾਅ ਸੱਚੇ ਰਾਹ ਤੇ ਤੁਰਨ ਦਾ ਪੱਕਾ ਸਬੂਤ ਸੀ। ਉਹਨਾਂ ਪੰਜਾਂ ਗੁਰੂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਗਿਆ ਤੇ ਸਿੰਘ ਵਰਦੀ ਵਿਚ ਸਜਾਏ ਗਏ। ਇਸ ਸਮੇਂ ਗਰੀਬ ਨਿਵਾਜ ਨੇ ਇਕ ਹੋਰ ਕੌਤਕ ਕੀਤਾ ਉਹਨਾਂ ਪੰਜਾਂ ਪਿਆਰੇ ਸਿੰਘਾਂ ਤੋਂ ਉਹੀ ਅੰਮ੍ਰਿਤ ਛਕਣ ਦੀ ਕਾਮਨਾ ਕੀਤੀ, ਹੂਕ ਜਾਹਰ ਕੀਤੀ। ਇਸ ਅਲੌਕਿਕ ਘਟਨਾ ਨੇ ਸਭਨਾਂ ਨੂੰ ਹਲੂਣ ਕੇ ਰੱਖ ਦਿਤਾ। 'ਆਪੇ ਗੁਰ ਚੇਲਾ' ਪਰਤੱਖ ਤੌਰ ਤੇ ਲੋਕਾਂ ਦੇ ਰੂਬ-ਰੂ ਇਹ ਘਟਨਾ ਘਟੀ। ਅਕਾਸ਼ ਗੂੰਜ ਜੈਕਾਰਿਆਂ ਨਾਲ ਆਲਾ ਦੁਆਲਾ ਗੂੰਜ ਉਠਿਆ। ਇਸ ਤਰਾਂ ਖੰਡੇ ਬਾਟੇ ਦੀ ਪਾਹੁਲ ਹਜਾਰਾਂ ਹੀ ਪਰਾਣੀਆਂ ਨੇ ਲਈ। ਨਵਾਂ ਇਤਹਾਸ ਸ਼ੁਰੂ ਹੋਇਆ। ਵਾਹਿਗੁਰੂ ਵਿਚ ਸੁਰਤ ਜੋੜ ਸ਼ਬਦ ਗੁਰੂ ਦੇ ਅਰਾਧਣ ਦਾ ਉਪਦੇਸ਼ ਕੰਨ. ਪਿਆ। ਕੁਝ ਰਹਿਤਾਂ ਵੀ ਨਾਲ ਮਤਾ ਕੀਤੀਆਂ। ਕੇਸਾਂ ਨੂੰ ਸਾਬਤ ਸੂਰਤ ਰਖਣਾ, ਸਤ ਚਿਤ ਅਨੰਦ ਰਹਿਣਾ, ਪੰਜ ਕਕਾਰਾਂ ਨੂੰ ਅੰਗ ਸੰਗ ਰਖਣਾ। ਤਮਾਕੂ ਦੀ ਵਰਤੋਂ ਨਾ ਕਰਨਾ, ਕੁਠਾ ਨਾ ਖਾਣਾ, ਕੁੜੀ ਮਾਰ ਨਾਲ ਸਾਂਝ ਨਾ ਰਖਣੀ, ਬਿਨਾ ਨਾਗਾ ਪੰਜ ਬਾਣੀਆਂ ਦਾ ਪਾਠ ਕਰਨਾ ਇਕ ਦੂਜੇ ਨੂੰ ਮਿਲਣ ਸਮੇਂ ਵਾਹਿਗੁਰੂ ਜੀ ਕੀ ਫਤਹ ਗਜਾਉਣਾ ਆਦਿ ਗੁਰ ਮੰਤਰ ਬਖਸ਼ੇ।

'ਤਾਤੀ ਵਾਉ ਨ ਲਗਈ, ਪਾਰਬ੍ਰਹਮ ਸਰਣਾਈ''

ਕੋਈ ਵਿਅਕਤੀ ਇਸ ਪਾਸੇ ਵਲ ਕਿਰਿਆ ਸ਼ੀਲ ਹੋ ਕੇ ਤਾਂ ਵੇਖੋ। ਲਜਿਆਂ ਤੇ ਪਤ ਉਸ ਪ੍ਰਭੂ ਨੇ ਰਖਣੀ ਹੀ ਰਖਣੀ ਹੈ ਕੇਵਲ ਸੱਚੀ ਸੁਰਤ ਦਾਤਾਰ ਦੇ ਚਰਨ ਵਿਚ ਜੋੜਨ ਦੀ ਹੀ ਮੁੱਖ ਸਮੱਸਿਆ ਹੈ।

(ਬਾਕੀ ਪੰਨਾ ੨੨ ਤੇ....)

# Outstanding qualities of — Guru Gobind Singh Ji

(By Daulat Rai)

It shall be a miss on my part, if I fail to write about the qualities of the Guru that emerge from the happenings penned on the foregoing pages. I shall write only about these. Every Punjabi is conversant with these traits of the Guru, though no one so far has tried to capture them in writing. Mine is going to be the first exercise in this direction, if I falter here and there, I crave the readers' indulgence to bear with me. If I repeat myself or seem to be contradicting myself, it is entirely my fault, the fault of a novice in this field.

Guru Gobind Singh was a true anchorite and a true patriot. Krishna and Bhishma had sermonised in the Mahabharta that a man who gives up his life for the good of others is the greatest of all anchorities. The Guru not only gave up his life for the welfare of others but also gave up everything he had for the love of his country. He sacrificed his ease and comfort, his blood and body for his nation. He did not hesitate to sacrifice his all for his country and people. He may easily be called the greatest among those who gave up everything for their country. Giving up entails first possessing a thing and then giving it up for a noble cause for the general good. Buddha detached himself from the world out of fear of pain and suffering. The detachment of Bhishma was inspired by the selfish motive of gaining the favour of his father. The Guru gave up everything he had for his people, for his country. He sacrificed everything for the Hindus, for their welfare and for their Dharma, without any selfish motive or thought of return. Had he so desired he could have roued in the lap of luxury, could have demanded and enjoyed enormous esteem and respect, could have received paeans of praise as a revered Guru. He never hankered after such petty things.

It is extremely rare if not altogether impossible to find all the good qualities in one man. But the Guru was an embodiment of all round perfection. He was a poet, a religious leader, a religious and social reformer, an excellent planner and counsellor and a superb general. He was a poet whose verse was forceful and vibrant with emotions of every kind, and highly eloquent. As a reformer in the social and religious spheres the had no peer. In the battle-field he was a dauntless general unperturbed by the turn of events. He was a sagacious and far sighted counsellor,a true lover of his country, an unflagging champion of his people, an unrivalled martyr of his country.

Krishna, Ram Chandra and Shankara were great men and in their time they performed great deeds. Guru Gobind Singh surpassed them all in working wonders for the nation and the country. In the battlefield, Krishna exhorted martial princes to drive away any thoughts of cowardice out of their minds and prepare for the battle, while the Guru uplifted and filled with fervour and fighting spirit such people who had been turned into mere clods of clay during many centuries of oppression, and who had never dreamed of holding weapons. Inspired by the Guru they performed such deeds of exceptional valour as put into shade the exploits of Arjuna in the battlefield. And with a tiny band of these men the Guru having no worldly possessions, confronted the innumerable Imperial hordes with vast resources at their disposal.

He was very steadfast. He stuck to the last to the mission of his life, which he had conceived during the life time of his father, Guru Tegh Bahadur. Every moment of his life,

he kept his mission before him. He continuously worked for its success. No grief, no hardship, no adversity in short nothing could or did take his mind away from his mission. He did not waver in his resolve at the death of his sons and his near and dears ones.

Nothing could lower his courage. No defeat could dishearten, no distress could depress him, no predicament could make him despondent. A little respite after a rout, made him gather his men and prepare for another showdown in the battlefield with a redoubtable enemy with the vast resources of an equally vast empire at his back. He fought successfully against armies made up of professional soldiers. With bands of ill-equipped men from the lower rungs of society-essentially non combatants-having little or no training in war-fare, he fought successfully against armies made up of professional soldiers. No situation was hopeless for him. Visualize the valiant stand taken by the Guru and his forty Sikhs against the Imperial hordes at Chamkaur. The entire History of the world cannot offer its peer.

He was an excellent fighter himself, equally skilled in the handling of the sword, the bow, the spear and other weapons. He always fought in the forefront to inspire his Sikhs with feats of personal valour, and to bolster their courage. His sword used to spread consternation in the ranks of Imperial army and his arrows always dented the enemy attack. He was not only an excellent fighter, but was also a superb general. He knew how to marshall his men and get the best out of them. Many a time he defeated the combined armies of the Subedars and the Hill Rajas with a small force. His presence was electrifying for his men. He always went where his presence was needed most. He inspired his men to perform deeds of unique valour, to die fighting against impossible odds, to beat back numerically superior forces. Excellent generals had not been great fighters. But the Guru possessed both these qualities in the highest degree.

He was very hardy and industrious. When ever he found leisure, he used to train his men. He bore all kinds of hardships, braving the thorny paths bare-footed in the dark night, sleeping on clods of earth, breasting the raging torrents, going without food and rest, with perfect equanimity. He would often thank his Lord Akal for such harsh blessings. He never felt dismayed by any adversity. He could send his sons to fight and see them die fighting before his very eyes without wincing. He could hear calmly the news of the horrible deaths of his remaining two children of the tender ages of seven and nine years. No word or action of his ever displayed despondency.

The Guru was never in a haste to do anything. He would always ponder over all aspects of an issue before going in for any action. The laying of the firm foundation of the Khalsa is a wonderful example of his superb circumspection. So firm was the foundation of the edifice of the Khalsa, that the Imperial swords and guns, the Imperial power and glory could not check its growth. Every man who became a Sikh of the Guru, was infused with such mettle that he thought nothing of battling with death, of sacrificing his life for his faith and the good of others; Guru Gobind Singh turned cowards into courageous men, traders into tough fighters and the down-trodden into doughty warriors. His men were not only great warriors in the battlefield, but were also men of integrity, humane, gentle, full of love for all, God-loving, open and truthful. He inculcated the noble qualities of selfless service and


www.AKJ.Org

self-sacrifice in his people. He was the first man to think of nationalism and to foster feelings of nationalism among the Indian people.

He was not only highly circumspect but was far-sighted as well. He planned not only for the present but also for the time to come. With his far-sight he knit the Khalsa into such a strong union, gave it such principles as would forestall any degeneration or decline. His abolition of the Gurudom was a very sagacious, timely and far-sighted step. It has verily saved the Khalsa from losing its purity and character. He was a good administrator and personally looked after every thing. He managed his resources skillfully and kept a small army at no great expense. He looked after the well-being of every one of his men.

There was a magic in his words that carried away his Sikhs. They would gladly do anything for him so much that they would not hesitate to sacrifice their lives at his behest. Guru Gobind Singh loved his Sikhs equally well without any distinction of high or low they were aware of this. The Guru endeared himself to all with his sweet manners, soft words and warm heart. He was a great lover of mankind and a firm believer in the brotherhood of man. That is why despite being and relentless enemy of the cruel and despotic Muslim rulers he was loved and honoured by the ordinary Muslims. The carrying of the Guru on a cot raised high by two Muslims, to a place of safety when the Imperial army was looking for him, bears this out amply. He was very courteous and generous. His Langar (kitchen) was always open to any hungry person. His house was always open to the needy. He and his services were always there for the taking by any oppressed person. Though the hill Rajas were dead set against him and left no occasion to fight against him, but the Guru readily responded to their supplication and helped them when they were in sore distress.

He had a jovial nature and loved to play practical jokes on others. We all now how he alongwith his fellows broke the pitchers of ladies, in his childhood at Patna. He had a fine sense of humour, subtle as well as robust. Once one of his devotee Sikhs killed a tiger, brought its whole skin alongwith its head face, ears etc. intact and presented it to him. The Guru asked his Sikh to put the skin along with the head etc. onto a donkey. They did a nice job of it and the donkey came to resemble a tiger. The Guru asked the Sikhs to set the donkey loose, out on the streets. The people taking it for a real tiger were seized with panic and ran for their lives. Some hid themselves while some others climbed trees and house-tops. People locked their doors. At last the donkey brayed and the people heaved a sigh of relief.

He was not only a patron of arts but also a man of letters himself. He was fond of reading and especially loved to go through historical books especially those dealing with the exploits of the Indian heroes. He liked such books to be read to him. He was quite proficient ib Arabic and Persian and also knew Sanskrit well. He used to hear with great interest readings from the old Scriptures, The Shashtras, Upanishdas and Puranas, etc. He was a great poet and kept a coterie of 52 poets at his court. He had a great love for war epics, encouraged his poets to compose verses on martial themes and himself composed epics celebrating the exploits of the goddess Durga of Hindu Mythology in stirring verse that arouses martial feelings in the readers.

He devoted some time daily, both in the morning and the evening to the worship of Akal,


www.AKJ.Org

the Formless One, and to the singing of Shabads (hymns) from Gurbani. Recitations from the Holy Granth, the Guru Granth Sahib, were made every day and the Guru always attended these recitations in the holy congregation. He personally recited Japji Sahib, Jaap Sahib, Swayyas, Chaupai and Rehras every day. He was very regular and devout in saying his prayers and performing his religious duties. He thoroughly despised idolworship and the observance of Sharadhs (obsequies for the well-being of the dead ancestors).

Guru Gobind Singh was a votary of Truth. He never lost sight of Truth in any of his teachings and actions. He did nothing untruthful either in the battle-field or in his daily works. He was often requested by people to perform miraculous deeds. His reply ever was that man is a powerless being, all miracle-making lies with the Lord. Once at Agra he was asked about the existence of miracles. He answered that man cannot perform miracles but three things in the world are miracles in themselves; steel, strength and wealth. Steel( the Guru meant weapons) can grant crowns, fulfil a man's desires, help him gain honour and liberation through a heroic death in the batlle field. Power (physical and intellectual) helps one gain dominance in any sphere. The powerless are pushed to the wall, humbled and humiliated. They are the slaves of the powerful people. Wealth wins over everybody . A poor man has no friends, no relatives. Wealth enables a man to attain honour and respect and fulfil his desires.

The Guru was very simple in manners and dealings. He loved everyone irrespective of caste, creed, social status or any other man-made distinction His concept of love was all embracing, the concept of Universal Brotherhood which cutacross all barriers of caste, colour, creed, clan and country. He received everyone, including those who considered themselves his enemies openly, with a smiling face. He was a man without any short-comings, above praise and averse to denigration of others. Generous to a fault, he helped even the Hill Rajas who were ever eager and did their level best to trouble him. Bahadur Shah, the Emperor of India wanted to grant him a Jagir, but the Guru declined the offer. He was never swayed by desire in his chequered career. He was a true champion of the down-trodden and oppressed Hindus.]

---

(ਪੰਨਾ ੧੮ ਦਾ ਬਾਕੀ ...)

ਦਸਮੇਸ਼ ਪਿਤਾ ਨੇ ਪਾਰਬ੍ਰਹਮ ਦਾ ਸੱਚਾ ਸਬੂਤ ਹੋਣ ਦਾ ਪ੍ਰਤਖ ਸਬੂਤ ਦਿਤਾ ਹੈ। ਉਹਨਾਂ ਨੂੰ ਸਰਬੰਸ ਦਾਨੀ ਵੀ ਹੋਣਾ ਪਿਆ ਮਾਤਾ ਪਿਤਾ ਤੇ ਹੀਰਿਆਂ ਵਰਗੇ ਚਾਰੇ ਸਾਹਿਬਜ਼ਾਦੇ ਵਾਰਨੇ ਪਏ। ਅਨਿੰਨ ਪੰਜ ਪਿਆਰੇ ਤੇ ਅਨੇਕਾਂ ਸਿੰਘਾ ਨੂੰ ਸ਼ਹਾਦਤ ਦੇ ਜਾਮ ਪੀਣੇ ਪਏ। ਅਪਣੇ ਜੀਵਨ ਸਫਰ ਦੇ 42 ਸਾਲਾ ਦੇ ਅਲਪ ਸਮੇਂ ਵਿਚ 14 ਜੰਗਾਂ ਵੀ ਲੜਣੀਆਂ ਪਈਆਂ। ਸਫਲਤਾ ਨੇ ਉਹਨਾਂ ਦੇ ਪੈਰ ਚੁੰਮੇ। ਅੱਲਾ ਯਾਰ ਖਾਂ ਵਰਗੇ ਕਵੀ ਨੇ ਦਸਮੇਸ਼ ਦੀਆਂ ਸਿਫਤਾਂ ਦੇ ਪੁਲ ਬੰਨੇ ਪਰ ਨਾਲ ਜਾਹਰ ਕੀਤਾ ਕਿ ਮੇਰੀ ਕੀ ਔਕਾਤ ਹੈ ਕਿ ਮੈਂ ਦਸਮੇਸ਼ ਦੇ ਵਸਫ ਬਿਆਨ ਕਰਾਂ।

ਧੰਨ ਗੁਰੂ ਗੋਬਿੰਦ ਸਿੰਘ ਜੀ ਸਨ। ਉਹਨਾਂ ਦੇ ਮੁਖਾਰਬਿੰਦ ਵਿਚੋਂ ਤਾਂ ਇਹ ਸ਼ਬਦ ਅਮਲੀ ਅਰਥਾਂ ਵਿਚੋਂ ਸਮੋਏ ਹੋਏ ਸਨ

ਮੋਕੋ ਦਾਸ ਤਵਨ ਕਾ ਜਾਣੋਂ।

ਦੁਨੀਆਂ ਵਿਚ ਤਾਂ ਤੁਛ ਬੁਧੀ ਵਾਲੇ ਲੋਕ ਵੀ ਭੂਸਰ ਜਾਂਦੇ ਹਨ। ਰਤਾ ਕੁ ਕਿਸੇ ਨੇ ਵਡਿਆਈ ਕੀਤੀ, ਫੁਲ ਕੇ ਕੁੱਪੇ ਬਣ ਗਏ। ਪਰ ਧੰਨ ਹੈ ਦਸਮੇਸ਼ ਪਿਤਾ ਜਿਨਾਂ ਨੇ ਦਾਤਾਰ ਕੋਲੋਂ ਕੇਵਲ ਚੰਗੇ ਕਰਮਾਂ ਦੀ ਚੇਸ਼ਟਾ ਹੀ ਕੀਤੀ ਹੈ।


www.AKJ.Org

# ਮਰਦ ਅਗੰਮੜੇ ਦੀ ਸ਼ਖ਼ਸੀਅਤ

(ਡਾ : ਕੁਲਦੀਪ ਸਿੰਘ ਜੀ)

ਹਰ ਖ਼ਤਰੇ ਦੀਆਂ ਅੱਖਾਂ ਵਿੱਚ ਅਖਾਂ ਪਾ ਕੇ ਝਾਕ ਸਕਣ ਵਾਲੇ ਯੋਧੇ ਤੇ ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਦੀ ਜੀਵਨੀ ਦੀ ਇਸ ਝਾਕੀ ਤੋਂ ਉਨ੍ਹਾਂ ਦੀ ਚੁੰਧਿਆ ਦੇਣ ਵਾਲੀ ਸ਼ਖ਼ਸੀਅਤ ਦਾ ਪਤਾ ਲਗਦਾ ਹੈ। ਨਿਡਰਤਾ, ਵਿਦਵਤਾ, ਉਦਾਰਤਾ, ਪਰਉਪਕਾਰ, ਦ੍ਰਿੜਤਾ, ਅਕਾਲ ਪੁਰਖ ਵਿਚ ਅਟੱਲ ਵਿਸ਼ਵਾਸ, ਦਰਵੇਸ਼ੀ ਤੇ ਬਾਦਸ਼ਾਹੀ ਦਾ ਸੁਮੇਲ ਉਨ੍ਹਾਂ ਦੇ ਵਿਅਕਤੀਤਵ ਵਿਚ ਇੰਨੀ ਸੁੰਦਰਤਾ ਨਾਲ ਹੋਇਆ ਪਿਆ ਸੀ ਕਿ ਉਸ ਦੀ ਮਿਸਾਲ ਕਿਤੇ ਨਹੀਂ ਮਿਲਦੀ। ਉਨ੍ਹਾਂ ਦੇ ਤੇਜਸਵੀ ਵਿਅਕਤੀਤਵ ਦੀ ਥਾਹ ਪਾਉਣ ਲਈ ਤੇਜ਼ ਘੋੜੇ ਤੇ ਸਵਾਰ ਕਲਪਨਾ ਦੀ ਲੋੜ ਹੈ। ਮਾਲਾ ਫੇਰਨ ਵਾਲੇ ਹੱਥਾਂ ਵਿਚ ਤਲਵਾਰ ਫੜਾਣਾ ਉਨਾਂ ਦਾ ਹੀ ਕਮਾਲ ਸੀ। ਉਨ੍ਹਾਂ ਸਮਝਾਇਆ ਕਿ ਮਾੜਿਆਂ ਦਾ ਕੋਈ ਧਰਮ ਨਹੀਂ ਹੁੰਦਾ। ਸ਼ਕਤੀ ਤੋਂ ਵਿਹੂਣੇ ਮਾਲਾ ਫੇਰਨ ਵਾਲੇ ਹੱਥ ਕਿਸੇ ਵੀ ਜਾਬਰ ਅੱਗੇ ਜੁੜ ਜਾਂਦੇ ਹਨ। ਇੰਜ ਹੀ ਅਕਾਲ ਪੁਰਖ ਦੇ ਭੈ ਤੇ ਭਉ ਤੋਂ ਹੀਣ ਸ਼ਕਤੀਮਾਨ ਹੱਥਾਂ ਵਿਚ ਸ਼ਸਤਰ ਉਨ੍ਹਾਂ ਹੱਥਾਂ ਨੂੰ ਜ਼ਾਲਮ ਬਣਾ ਦਿੰਦੇ ਹਨ।

ਸਤਾਰ੍ਹਵੀਂ ਸਦੀ ਦੇ ਪੰਜਾਬ ਦੇ ਇਸ ਵੀਰ ਨਾਇਕ ਨੇ ਜ਼ਬਰ ਜ਼ੁਲਮ ਦੇ ਵਿਰੁਧ ਅੰਤਮ ਦਮ ਤੱਕ ਲੜਣ ਦੀ ਪ੍ਰੇਰਨਾ ਆਪਣੇ ਸਵੈਮਾਨ ਤੇ ਕੁਰਬਾਨੀ ਭਰੇ ਜੀਵਨ ਨਾਲ ਦਿੱਤੀ, ਨਿਰੇ ਉਪਦੇਸ਼ਾਂ ਨਾਲ ਨਹੀਂ। ਉਨ੍ਹਾਂ ਪਤ ਤੇ ਅਣਖ ਨਾਲ ਜੀਣ ਖਾਤਰ ਪਿਤਾ ਵਾਰਿਆ, ਮਾਤਾ ਦਾ ਬਲੀਦਾਨ ਦਿਤਾ, ਆਪਣੇ ਚਾਰੇ ਲਾਲਾਂ ਦੀ ਅਹੂਤੀ ਦਿੱਤੀ ਤੇ ਫਿਰ ਆਪ ਵੀ ਇਸ ਰਾਹ ਤੇ ਤੁਰਦੇ ਹੋਏ ਅਮਰ ਜੋਤਿ ਨੂੰ ਪ੍ਰਾਪਤ ਹੋਏ। ਉਹ ਮਹਾਨ ਯੋਧੇ ਸਨ ਕਿਉਂਕਿ ਉਨ੍ਹਾਂ ਨੇ ਜ਼ਰ (ਧਨ ਦੌਲਤ), ਜ਼ੋਰੂ (ਇਸਤਰੀ) ਜਾਂ ਜ਼ਮੀਨ (ਰਾਜ) ਖ਼ਾਤਰ ਜੰਗਾਂ ਲੜਣ ਦੀ ਥਾਂ ਹੱਕ ਤੇ ਸੱਚ ਦੀ ਖਾਤਰ ਜ਼ਬਰ ਜ਼ੁਲਮ ਨਾਲ ਡਟ ਕੇ ਮੁਕਾਬਲਾ ਕੀਤਾ। ਉਹ ਮਹਾਨ ਲੇਖਕ ਸਨ ਕਿਉਂ ਜੁ ਉਨ੍ਹਾਂ ਨਿੱਕੇ ਨਿੱਕੇ ਵਿਅਕਤੀਗਤ ਸੁੱਖਾਂ ਦੁਖਾਂ ਤੇ ਉਲਝਣਾਂ ਬਾਬਤ ਲਿਖਣ ਦੀ ਥਾਂ ਸਮੁੱਚੀ ਮਨੁੱਖਤਾ ਦੇ ਕਲਿਆਣ ਵਾਸਤੇ ਅਜਿਹੀਆਂ ਅਮਰ ਰਚਨਾਵਾਂ ਰਚੀਆਂ ਜੋ ਸਦੀਵ ਕਾਲ ਲਈ ਲੋਕਾਂ ਨੂੰ ਮਾਨਵਤਾ ਦੀ ਸੇਵਾ ਦੇ ਰਾਹ ਤੇ ਤੁਰਨ ਲਈ ਚਾਨਣ ਮੁਨਾਰਾ ਬਣੀਆਂ ਰਹਿਣਗੀਆਂ । ਉਹ ਇਕ ਮਹਾਨ ਗੁਰੂ ਸਨ ਕਿਉਂਕਿ ਉਨ੍ਹਾ ਨੇ ਅਛੂਤ ਕਹਿ ਕੇ ਦੁਰਕਾਰੇ ਜਾਣ ਵਾਲੇ ਸਦੀਆਂ ਦੇ ਦਬੇ ਕੁਚਲੇ ਲੋਕਾਂ ਨੂੰ ਜਿਨ੍ਹਾਂ ਦੇ ਪਰਛਾਵੇਂ ਤੋਂ ਵੀ ਤਥਾ ਕਥਿਤ ਗੁਰੂ ਪੀਰ ਪਰ੍ਹਾਂ ਭਜਦੇ ਸਨ, ਸੀਨੇ ਨਾਲ ਲਾਕੇ ਬਰਾਬਰ ਦਾ ਸਨਮਾਨ ਦਿੱਤਾ ਤੇ ਉਨ੍ਹਾਂ ਦੇ ਮਨ ਵਿਚ ਬਾਦਸ਼ਾਹੀ ਦਾ ਸੁਪਨਾ ਜਗਾਇਆ।

ਗੁਰੂ ਗੋਬਿੰਦ ਸਿੰਘ ਸਿੱਖ ਧਰਮ ਦੇ ਸੰਚਾਲਕ ਗੁਰੂ ਨਾਨਕ ਦੁਆਰਾ ਆਰੰਭੀ ਜਾਗ੍ਰਤੀ ਦੇ ਸਿੱਖਰ ਸਨ। ਉਨ੍ਹਾਂ ਵਿਚ ਗੁਰੂ ਨਾਨਕ ਵਾਲਾ ਇਕ ਅਕਾਲ ਪੁਰਖ ਵਿਚ ਅਟਲ ਵਿਸ਼ਵਾਸ, ਗੁਰੂ ਅੰਗਦ ਦੇਵ ਜੀ ਵਰਗੀ ਮਨੁੱਖ ਮਾਤਰ ਦੀ ਸੇਵਾ ਲਈ ਭਾਵਨਾ, ਗੁਰੂ ਅਮਰਦਾਸ ਜੀ ਵਾਲਾ ਮਾਨਸਿਕ ਤੇ ਸਰੀਰਕ ਬਲ ਦਾ ਸੁਮੇਲ, ਗੁਰੂ ਰਾਮਦਾਸ ਜੀ ਵਰਗੀ ਰਚਨਾਤਮਕ ਕਲਪਨਾ, ਗੁਰੂ ਅਰਜਨ ਦੇਵ ਵਾਲੀ ਨਿਮਰਤਾ, ਗੁਰੂ ਹਰਿਗੋਬਿੰਦ ਸਾਹਿਬ ਵਾਲੀ ਬਹਾਦਰੀ, ਗੁਰੂ ਹਰਿ ਰਾਏ ਸਾਹਿਬ ਵਾਲੀ ਦਇਆ, ਗੁਰੂ ਹਰਿਕ੍ਰਿਸ਼ਨ ਵਾਲੀ ਪਾਵਨਤਾ ਅਤੇ ਗੁਰੂ ਤੇਗ ਬਹਾਦਰ ਵਾਲੀ ਦ੍ਰਿੜਤਾ ਸਾਰਾ ਕੁਝ ਲਿਸ਼-ਲਿਸ਼ ਕਰ ਰਿਹਾ ਸੀ।

ਇਹ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦਾ ਹੀ ਪ੍ਰਭਾਵ ਸੀ ਕਿ ਐਸੇ ਨਿਤਾਣੇ ਤੇ ਥੋੜ ਦਿਲੇ ਬੰਦੇ ਵੀ ਨਿਡਰ ਹੋ ਕੇ ਰਣ ਖੇਤਰ ਵਿਚ ਸੂਰਮਿਆਂ ਵਾਂਗ ਕੁੱਦ ਪਏ ਜਿਨ੍ਹਾਂ ਨਾ ਕਦੇ ਤਲਵਾਰ ਨੂੰ ਹੱਥ ਲਾਇਆ ਸੀ ਤੇ ਨਾ ਬੰਦੂਕ ਮੋਢੇ ਧਰੀ ਸੀ। ਝੀਵਰ, ਛੀਂਬਿ, ਨਾਈ, ਧੋਬੀ ਤੇ ਅਛੂਤ ਫ਼ੌਜਾਂ ਦੇ ਜਰਨੈਲ ਬਣੇ ਤੇ ਉਹ ਵੀ ਐਸੇ ਜਿਨ੍ਹਾਂ ਵੱਡੇ-ਵੱਡੇ ਖੱਬੀ ਖ਼ਾਨਾਂ ਦੇ ਮੂੰਹ ਭੁਆ ਦਿੱਤੇ। ਉਨ੍ਹਾਂ ਨਿਰਜਿੰਦ ਤੇ ਲਿਤਾੜੇ ਹੋਏ ਲੋਕਾਂ ਨੂੰ ਜੱਥੇ ਬੰਦ ਕਰ ਕੇ ਉਨ੍ਹਾਂ ਨੂੰ ਆਪਣੀ ਤਾਕਤ ਤੋਂ ਸੁਚੇਤ ਕੀਤਾ ਤੇ ਇਸ ਨੂੰ ਵਿਧੀ ਪੂਰਵਕ ਇਕ ਸੁਚੱਜੇ ਉਦੇਸ਼ ਦੀ ਪੂਰਤੀ ਲਈ ਵਰਤਣ ਦੇ ਰਾਹ ਪਾਇਆ। ਗੁਰੂ ਸਾਹਿਬ ਦੇ ਵਿਅਕਤੀਤਵ ਵਿਚ ਇਕ ਮਿਕਨਾਤੀਸੀ ਖਿੱਚ ਸੀ। ਉਨ੍ਹਾਂ ਦੇ ਬੋਲਾਂ ਵਿਚ ਇਕ ਜਾਦੂ ਸੀ। ਉਨ੍ਹਾਂ ਦੇ ਮਨ ਬਚਨ ਤੇ ਕਰਮ ਵਿਚਲੀ ਇਕਸੁਰਤਾ ਤੇ



www.AKJ.Org

ਇਖਲਾਕੀ ਉੱਚਤਾ ਕਾਰਨ ਜੋ ਵੀ ਉਨ੍ਹਾਂ ਦੇ ਸੰਪਰਕ ਵਿਚ ਆਇਆ ਉਨ੍ਹਾਂ ਦੇ ਵਿਅਕਤੀਤਵ ਤੋਂ ਪ੍ਰਭਾਵਿਤ ਹੋਏ ਬਿਨ੍ਹਾਂ ਨਾ ਰਹਿ ਸਕਿਆ। ਦੁਸ਼ਮਣ ਉਨ੍ਹਾਂ ਨਾਲ ਲੜਨ ਨੂੰ ਆਉਂਦੇ ਪਰ ਉਨ੍ਹਾਂ ਦੇ ਮੁਰੀਦ ਹੋ ਕੇ ਮੁੜਦੇ । ਇਹ ਵੱਖਰੀ ਗੱਲ ਹੈ ਕਿ ਸਮਾਂ ਪਾ ਕੇ ਦੁਨਿਆਵੀਂ ਸੁਆਰਥਾਂ, ਜ਼ਾਤ-ਅਭਿਮਾਨ ਤੇ ਪਰੰਪਰਾਗਤ ਸੰਸਕਾਰਾਂ ਦੇ ਮੁੜ ਬਲਵਾਨ ਹੋਣ ਕਾਰਨ ਉਹ ਕਈ ਵਾਰ ਮੁੜ-ਮੁੜ ਉਨ੍ਹਾਂ ਨਾਲ ਟਕਰਾਂਦੇ।

ਕਿਸੇ ਇਕ ਧਰਮ, ਫਿਰਕੇ, ਜ਼ਾਤ ਜਾਂ ਕਬੀਲੇ ਦੇ ਲੋਕ ਹੀ ਉਨ੍ਹਾਂ ਦੇ ਮੁਰੀਦ ਨਹੀਂ ਸਨ। ਜੇ ਪਹਾੜੀ ਰਾਜੇ ਉਨ੍ਹਾਂ ਨਾਲ ਲੜੇ ਤਾਂ ਪਹਾੜੀ ਰਾਜਿਆਂ ਵਿਚੋਂ ਵੀ ਮੇਦਨੀ ਪ੍ਰਕਾਸ਼ ਵਰਗਿਆਂ ਨੇ ਉਨ੍ਹਾਂ ਦੀ ਅਜ਼ਮਤ ਅੱਗੇ ਸਿਰ ਝੁਕਾਇਆ। ਜੇ ਮੁਗ਼ਲ ਪਠਾਣ ਉਨ੍ਹਾਂ ਦੇ ਵਿਰੁਧ ਲੜੇ ਤਾਂ ਪੀਰ ਬੁਧੂ ਸ਼ਾਹ ਜਿਹੇ ਦਰਵੇਸ਼ਾਂ ਨੇ ਆਪਣੇ ਪੁੱਤਰ ਤੇ ਭਤੀਜੇ ਗੁਰੂ ਖ਼ਾਤਰ ਵਾਰੇ। ਜੇ ਸੁੱਚਾ ਨੰਦ ਤੇ ਗੰਗੂ ਬ੍ਰਾਹਮਣ ਵਰਗਿਆਂ ਨੇ ਉਨ੍ਹਾਂ ਨਾਲ ਧ੍ਰੋਹ ਕੀਤਾ ਤਾਂ ਟੋਡਰ ਮਲ ਵਰਗਿਆਂ ਨੇ ਗੁਰੂ ਕੇ ਲਾਲਾਂ ਲਈ ਮੋਹਰਾਂ ਵਿਛਾ ਕੇ ਥਾਂ ਖਰੀਦੀ। ਜੇ ਵਜ਼ੀਰ ਖ਼ਾਨ ਨੇ ਗੁਰੂ ਸਾਹਿਬ ਦੇ ਮਾਸੂਮ ਬਾਲਾਂ ਨੂੰ ਨੀਹਾਂ ਵਿਚ ਚਿਣਵਾਣ ਦਾ ਹੁਕਮ ਦਿੱਤਾ ਤਾਂ ਉਸ ਦੇ ਹੀ ਅਧਿਕਾਰੀ ਸ਼ੇਰ ਮੁਹੰਮਦ ਖ਼ਾਨ ਨੇ ਬਾਲਾਂ ਲਈ ਹਾਅ ਦਾ ਨਾਅਰਾ ਮਾਰਿਆਂ ਤੇ ਅੱਖਾਂ ਪੂੰਝਦਾ ਕਚਿਹਿਰੀ ਵਿਚੋਂ ਬਾਹਰ ਨਿਕਲ ਗਿਆ। ਜੇ ਔਰੰਗਜ਼ੇਬ ਨੇ ਗੁਰੂ ਸਾਹਿਬ ਤੇ ਫ਼ੌਜਾਂ ਚੜ੍ਹਾਈਆਂ ਤਾਂ ਉਸ ਦੇ ਬੇਟੇ ਮੁਅਜ਼ਮ ਨੇ ਗੁਰੂ ਸਾਹਿਬ ਵੱਲ ਸੁਲਾਹ ਦਾ ਹੱਥ ਵੀ ਵਧਾਇਆ।

ਆਪ ਇਕ ਨਾਬਾਲਗ ਹੀ ਸਨ ਜਦੋਂ ਆਪ ਨੇ ਆਪਣੇ ਪਿਤਾ ਨੂੰ ਦਿੱਲੀ ਵੱਲ ਸ਼ਹੀਦੀ ਦੇਣ ਲਈ ਤੋਰਿਆ ਤੇ ਬਿਨਾ ਕਿਸੇ ਫ਼ੌਜ, ਧਨ ਜਾਂ ਸਹਿਯੋਗ ਦੇ ਵਕਤ ਦੀ ਸਭ ਤੋਂ ਸ਼ਕਤੀਸ਼ਾਲੀ ਹਕੂਮਤ ਨਾਲ ਟਕਰਾਨ ਦਾ ਨਿਸ਼ਚਾ ਕੀਤਾ। ਇਸ ਨਿਸ਼ਚੇ ਨੂੰ ਉਨ੍ਹਾਂ ਅਮਲੀ ਰੂਪ ਦਿੱਤਾ ਤੇ ਉਨ੍ਹਾਂ ਦੇ ਨੀਲੇ ਘੋੜੇ ਦੀਆਂ ਸੁੰਮਾਂ ਨੇ ਪੰਜਾਬ ਵਿਚ ਜਿੱਥੇ ਵੀ ਅੱਡੀ ਲਾਈ ਰੋਹ ਤੇ ਬਗ਼ਾਵਤ ਦੀਆਂ ਚਿੰਗਾੜੀਆਂ ਫੁੱਟ ਪਈਆਂ। ਮਾਛੀਵਾੜੇ ਦੇ ਜੰਗਲਾਂ ਵਿਚ ਜਦੋਂ ਬੇਸਰੋ ਸਾਮਾਨ, ਸੰਗੀਆਂ ਸਾਥੀਆਂ ਤੋਂ ਵਿਛੜੇ ਲੀਰੋ ਲੀਰ ਜਾਮੇ ਤੇ ਸੂਲਾਂ ਨਾਲ ਸੱਲੇ ਚਰਨ ਕੰਵਲਾਂ ਨਾਲ ਜਦੋਂ ਪੋਹ ਦੀ ਕਕਰੀਲੀ ਰਾਤ ਨੂੰ ਵੀ ਆਪ ਨੀਲੇ ਆਕਾਸ਼ ਦੀ ਛੱਤ ਹੇਠ ਸੌਂਦੇ ਤਾਂ ਸੁੱਤੀ ਹੋਈ ਨੰਗੀ ਤਲਵਾਰ ਆਪ ਦੀ ਦ੍ਰਿੜਤਾ ਦੀ ਗਵਾਹੀ ਦੇ ਰਹੀ ਹੁੰਦੀ। ਕੋਈ ਸ਼ਿਕਵਾ, ਕੋਈ ਗਿਲਾ ਜਾਂ ਸ਼ਿਕਾਇਤ ਕਰਨ ਦੀ ਥਾਂ ਉਹ 'ਯਾਰੜੇ ਦਾ ਸਾਨੂੰ ਸੱਥਰ ਚੰਗਾ' ਕਹਿ ਕੇ ਮੁਸਕੁਰਾਂਦੇ ਸਨ। ਆਪਣੇ ਜੁਆਨ ਪੁੱਤਰਾਂ ਨੂੰ ਸ਼ਸਤਰਾਂ ਨਾਲ ਸਜਾ ਕੇ ਮੈਦਾਨੇ ਜੰਗ ਵਿਚ ਦੁਸ਼ਮਣ ਦੇ ਟਿੱਡੀ ਦਲ ਵਿਚ ਝੋਂਕਣਾ, ਉਨ੍ਹਾਂ ਦੇ ਕਮਾਲ ਦੇਖਣੇ, ਉਨ੍ਹਾਂ ਦੀ ਸ਼ਹੀਦੀ ਦੇਖਣੀ ਅਤੇ ਉਨ੍ਹਾਂ ਦੀ ਸ਼ਹੀਦੀ ਤੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਨਾ ਕਿਸੇ ਅਸਾਧਾਰਨ ਜਿਗਰੇ ਵਾਲੇ ਦਾ ਹੀ ਕਮਾਲ ਹੋ ਸਕਦਾ ਹੈ। ਇਸ ਸਥਿਤੀ ਵਿਚ ਵੱਡੇ ਵੱਡੇ ਪੀਰ ਪੈਗੰਬਰ ਕੁਰਲਾ ਕੇ ਅੱਖਾਂ ਮੀਟਦੇ ਰਹੇ ਹਨ। ਇਹ ਗੁਰੂ ਗੋਬਿੰਦ ਸਿੰਘ ਹੀ ਸੀ ਜਿਸ ਨੂੰ ਜਦੋਂ ਉਨ੍ਹਾਂ ਦੇ ਬੱਚਿਆਂ ਦੀ ਮਾਤਾ ਨੇ ਆਪਣੇ ਲਾਲਾਂ ਬਾਰੇ ਪੁੱਛਿਆਂ ਤਾਂ ਉਸ ਇਹੀ ਕਿਹਾ- "ਸਾਰੇ ਸਿੱਖ ਮੇਰੇ ਲਾਲ ਹਨ।" "ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।"

ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਸ਼ਹਿਨਸ਼ਾਹੀਅਤ ਦਾ ਜਾਦੂ ਤੋੜ ਦਿੱਤਾ। ਉਨ੍ਹਾਂ ਦੇਂ ਪਰਾਜਿਤ ਹੋਣ ਦਾ ਭਰਮ ਚਕਨਾਚੂਰ ਕਰ ਦਿੱਤਾ। ਉਹ ਲੋਕ ਜੋ ਮੁਗ਼ਲਾਂ ਦੇ ਜ਼ੁਲਮ ਅੱਗੇ ਕੁਸਕਦੇ ਵੀ ਨਹੀਂ ਸਨ, ਗੁਰੂ ਦੇ ਸੰਦੇਸ਼ ਸਦਕਾ ਉਨ੍ਹਾਂ ਨਾਲ ਐਸੇ ਟਕਰਾਏ ਕਿ ਮੁਗ਼ਲ ਬਾਦਸ਼ਾਹਤ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਅਤੇ ਅੰਤ ਇਸ ਬੋਹੜ ਨੂੰ ਢਾ ਢੇਰੀ ਕਰ ਦਿੱਤਾ। ਮੁਗ਼ਲ ਹਕੂਮਤ ਦੀ ਧਰਮ ਪਰਿਵਰਤਨ ਦੀ ਜ਼ਾਲਮਾਨਾ ਲਹਿਰ ਨੂੰ ਜੇ ਕਿਸੇ ਡੱਕਾ ਲਾਇਆ ਤਾਂ ਉਹ ਸਨ ਗੁਰੂ ਗੋਬਿੰਦ ਸਿੰਘ ਜੀ। ਬੁਲ੍ਹੇ ਸ਼ਾਹ ਦੇ ਬੋਲ ਇਸ ਹਕੀਕਤ ਨੂੰ ਬੜੇ ਸਪਸ਼ਟ ਸ਼ਬਦਾਂ ਵਿਚ ਪੇਸ਼ ਕਰਦੇ ਹਨ। ਉਹ ਕਹਿੰਦਾ ਹੈ:

ਨਾ ਕਹੂੰ ਜਬ ਕੀ, ਨਾ ਕਹੂੰ ਤੱਬ ਕੀ, ਬਾਤ ਕਹੂੰ ਮੈਂ ਅਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਤੋ ਸੁੰਨਤ ਹੋਤੀ ਸਭ ਕੀ।


www.AKJ.Org

ਭਾਵ- ਹੋਰ ਸਭ ਅਗਲੀਆਂ ਪਿਛਲੀਆਂ ਛੱਡੋ। ਅਸਲੀਅਤ ਦੀ ਗੱਲ ਇਹ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਨਾ ਹੁੰਦੇ ਤਾਂ ਸਭ ਭਾਰਤ ਵਾਸੀਆਂ ਦੀ ਹੁਣ ਤਕ ਸੁੰਨਤ ਹੋਈ ਹੁੰਦੀ। ਸਭ ਮੁਸਲਮਾਨ ਬਣ ਚੁੱਕੇ ਹੁੰਦੇ।

ਗੁਰੂ ਗੋਬਿੰਦ ਸਿੰਘ ਦੇ ਸੈਮਕਾਲੀ ਕਵੀ ਭਾਈ ਨੰਦ ਲਾਲ ਨੇ ਗੁਰੂ ਸਾਹਿਬ ਦੇ ਵਿਅਕਤਿਤਵ ਬਾਰੇ ਜੋ ਕੁਝ ਕਿਹਾ ਉਸ ਨੇ ਇਥੇ ਅੰਕਿਤ ਕਰਨਾ ਵੀ ਉਚਿਤ ਹੋਵੇਗਾ:

ਨਾਸਰੋ ਮਨਸੂਰ ਗੁਰੁਗੋਬਿੰਦ ਸਿੰਘ॥ ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ॥
ਹੱਕ ਰਾ ਗੰਜੂਰ ਗੁਰੂ ਗੋਬਿੰਦ ਸਿੰਘ॥ ਜੁਮਲਾ ਫ਼ੈਜਿ ਨੂਰ ਗੁਰੂ ਗੋਬਿੰਦ ਸਿੰਘ॥
ਖ਼ਾਲਸੇ ਬੇਕੀਨਾ ਗੁਰੂ ਗੋਬਿੰਦ ਸਿੰਘ॥ ਹੱਕ ਹੱਕ ਆਈਨਾ ਗੁਰੂ ਗੋਬਿੰਦ ਸਿੰਘ॥
ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ॥ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ॥
ਕਾਦਰੇ ਹਰ ਕਾਰ ਗੁਰੂ ਗੋਬਿੰਦ ਸਿੰਘ॥ ਬੇਕਸਾ ਰਾ ਯਾਰ ਗੁਰੂ ਗੋਬਿੰਦ ਸਿੰਘ॥
ਬਰਤਰ ਅਜ਼ ਹਰ ਕਦਰ ਗੁਰੂ ਗੋਬਿੰਦ ਸਿੰਘ॥ ਜਾਵਿਦਾਨੀ ਸਦਰ ਗੁਰੂ ਗੋਬਿੰਦ ਸਿੰਘ॥

ਭਾਈ ਨੰਦ ਲਾਲ ਸਿੰਘ ਜੀ ਅਨੁਸਾਰ ਗੁਰੂ ਸਾਹਿਬ ਦੀ ਸ਼ਖਸੀਅਤ ਝੂਠ ਤੇ ਕੁਸਤਿ ਦੀ ਰਾਤ ਦੇ ਹਨੇਰੇ ਨੂੰ ਨਾਸ਼ ਕਰਨ ਵਾਲੀ ਸੀ। ਆਪਣੇ ਸ਼ਾਇਰਾਨਾ ਅੰਦਾਜ਼ ਵਿਚ ਭਾਈ ਸਾਹਿਬ ਨੇ ਇਕ ਵਾਰ ਕਿਹਾ ਸੀ - "ਅਸੀਂ ਉਸ ਦੇ ਆਸ਼ਕ ਹਾਂ ਜੋ ਸਾਡਾ ਆਸ਼ਕ ਹੈ। ਉਸ ਦੇ ਬੋਲ ਮਿੱਠੇ ਹਨ ਤੇ ਐਸੇ ਜਾਦੂ ਭਰੇ ਕਿ ਮੁਰਦਿਆਂ ਵਿਚ ਵੀ ਜਾਨ ਪੈ ਜਾਵੇ।"

ਗੁਰੂ ਸਾਹਿਬ ਦੀ ਨਿਸ਼ਾਨੇ ਬਾਜ਼ੀ ਦੀ ਗੱਲ ਕਰਦਾ ਹੋਇਆ ਉਨ੍ਹਾਂ ਦਾ ਇਕ ਸਮਕਾਲੀ ਕਵੀ ਹੀਰ ਕਹਿੰਦਾ ਹੈ ਕਿ ਜਦੋਂ ਉਨ੍ਹਾਂ ਦਾ ਤੀਰ ਚਲਦਾ ਹੈ ਤਾਂ ਇਹ ਪਹਿਲਾਂ ਸੰਜੋਅ ਨੂੰ ਵਿੰਨਦਾ ਹੈ, ਫਿਰ ਸੰਜੋਅ ਪਹਿਨਣ ਵਾਲੇ ਨੂੰ ਤੇ ਫਿਰ ਘੋੜੇ ਨੂੰ। ਇੰਜ ਲਗਦਾ ਹੈ ਜਿਵੇਂ ਕੜਾਹੀ ਵਿਚੋਂ ਵੜੇ ਤਲਣ ਵਾਲੇ ਇਕੋ ਸੀਖ ਨਾਲ ਕਿੰਨੇ ਹੀ ਵੜੇ ਪਰੋ ਲਏ ਹੋਣ।

ਨਾਲੇ ਦਾ ਸ਼ਾਹ ਸਵਾਰ ਜੰਗਲ ਵਿਚ ਪੱਕਾ ਸ਼ਿਕਾਰੀ, ਧਰਮ-ਗੱਦੀ ਉੱਤੇ ਰੂਹਾਨੀ ਰਾਹਬਰ, ਜੰਗ ਵਿਚ ਨਿਰਭੈ ਯੋਧਾ, ਤਖ਼ਤ ਤੇ ਬੈਠਾ ਸੱਚਾ ਪਾਤਸ਼ਾਹ ਤੇ ਸੰਗਤ ਵਿਚ ਇਕ ਦਰਵੇਸ਼ ਸੀ। ਉਹ ਜਿਧਰ ਵੀ ਮੂੰਹ ਕਰਦਾ ਰਸਤੇ ਬਣਾਈ ਜਾਂਦਾ। ਉਹ ਕੰਡਿਆਂ ਤੋਂ ਵੀ ਰਾਹ ਬਣਾ ਲੈਂਦਾ ਅਤੇ ਫੁੱਲਾਂ ਪਹਾੜਾਂ ਤੇ ਨਦੀਆਂ ਤੋਂ ਵੀ। ਤਪਦੇ ਦਿਨ ਵੀ ਉਹਦਾ ਰਾਹ ਨਾ ਰੋਕ ਸਕਦੇ ਤੇ ਨਾ ਕਕਰੀਲੀਆਂ ਰਾਤਾਂ। ਉਹਦੀ ਦ੍ਰਿੜਤਾ ਇਕੋ ਸ਼ਬਦ ਜਾਣਦੀ ਸੀ ਤੇ ਉਹ ਸੀ ਫ਼ਤਹਿ। ਫ਼ਤਹਿ ਜੋ ਉਸ ਵਾਹਿਗੁਰੂ ਦੀ ਸੀ ਜਿਸ ਦਾ ਖਾਲਸਾ ਹੈ। ਉਹ ਹਾਰ ਵਿਚ ਵੀ ਜਿੱਤ ਨੂੰ ਦੇਖਦਾ ਹੋਇਆ ਹਾਰ ਨੂੰ ਜਿੱਤ ਵਿਚ ਬਦਲ ਦੇਣ ਦੀ ਸਮਰਥਾ ਰੱਖਦਾ ਸੀ ਉਸ ਦੀ ਇਸੇ ਦ੍ਰਿੜਤਾ ਨੇ ਚਿੜੀਆਂ ਨੂੰ ਸ਼ਾਹੀ ਬਾਜ਼ਾਂ ਦਾ ਸ਼ਿਕਾਰ ਕਰਨ ਦੀ ਜਾਚ ਸਿਖਾਈ। ਜੋ ਕੰਮ ਹਜ਼ਾਰਾਂ ਬੰਦੇ ਰਲ ਕੇ ਨਹੀਂ ਕਰ ਸਕਦੇ, ਉਹ ਇਕੱਲੇ ਗੁਰੂ ਗੋਬਿੰਦ ਸਿੰਘ ਨੇ ਕਰ ਵਿਖਾਇਆ।

ਮੈਦਾਨੇ ਜੰਗ ਵਿਚ ਵੀ ਉਨ੍ਹਾਂ ਦਾ ਤਿਲ ਦਯਾ ਤੇ ਦਰਦ ਤੋਂ ਖਾਲੀ ਨਹੀਂ ਸੀ ਹੁੰਦਾ। ਸੈਦ ਖ਼ਾਨ ਨੂੰ ਰਣ ਭੂਮੀ ਵਿਚ ਘੋੜੇ ਤੋਂ ਥੱਲੇ ਸੁੱਟ ਕੇ ਵੀ ਉਨ੍ਹਾਂ ਤੜਫਦੇ ਹੋਏ ਸੈਦਾ ਖ਼ਾਨ ਦੇ ਸਿਰ ਤੇ ਢਾਲ ਦੀ ਛਾਂ ਕੀਤੀ। ਉਨ੍ਹਾਂ ਦੇ ਸੇਵਕ ਘਨਈਏ ਨੇ ਜ਼ਖ਼ਮੀ ਹੋਏ ਦੁਸ਼ਮਣਾਂ ਨੂੰ ਵੀ ਆਪਣੀ ਮਸ਼ਕ ਵਿਚੋਂ ਪਾਣੀ ਪਿਲਾਇਆ ਤੇ ਡੱਬੀ ਵਿਚੋਂ ਕੱਢ ਕੇ ਤੜਫਦਿਆਂ ਦੇ ਮਲ੍ਹਮ ਲਾਈ। ਸ਼ਸਤਰਾਂ ਤੋਂ ਖਾਲੀ ਦੁਸ਼ਮਣ ਨੂੰ ਉਹ ਦੁਸ਼ਮਣ ਨਹੀਂ ਸਨ ਮੰਨਦੇ। ਦੁਸ਼ਮਣ ਉਨ੍ਹਾਂ ਚਿਰ ਹੀ ਉਨ੍ਹਾਂ ਲਈ ਦੁਸ਼ਮਣ ਹੁੰਦਾ ਜਿੰਨਾ ਚਿਰ ਉਸ ਕੋਲ ਹਥਿਆਰ ਹੁੰਦੇ ਤੇ ਉਹ ਲੜਾਈ ਲੜਦਾ। ਡਿੱਗੇ ਹੋਏ ਜ਼ਖ਼ਮੀ ਦੁਸ਼ਮਣ ਜਾਂ ਸੰਗੀ ਸਾਥੀ ਵਿਚ ਉਨ੍ਹਾਂ ਨੂੰ ਇਕੋ ਇਨਸਾਨੀਅਤ ਦਿੱਸਦੀ ਜਿਸ ਪ੍ਰਤਿ ਨਿਰਦੈਤਾ ਭਰਿਆ ਵਿਵਹਾਰ ਉਹ ਕਦੇ ਵੀ ਨਾ ਕਰਦੇ। ਭੱਜੇ ਜਾਂਦੇ ਦੁਸ਼ਮਣ ਨੂੰ ਗੁਰੂ ਜੀ ਕਦੇ ਕੁਝ ਨਾ ਕਹਿੰਦੇ। ਉਨ੍ਹਾਂ ਦੇ ਤੀਰਾਂ ਤੇ ਸੋਨੇ ਦੀ ਕਣੀ ਹੁੰਦੀ ਤਾਂ ਕਿ ਉਨ੍ਹਾਂ ਨਾਲ ਫਟੜ ਹੋਇਆਂ ਦੀ ਮਰਹਮ ਪੱਟੀ ਦਾ ਖ਼ਰਚ ਨਿਕਲ ਸਕੇ ਤੇ ਮੁਰਦਿਆਂ ਨੂੰ ਕਫ਼ਨ ਨਸੀਬ ਹੋ



www.AKJ.Org

ਜਾਵੇ। ਦੁਸ਼ਮਣ ਤੇ ਵਾਰ ਕਰਦੇ ਤਾਂ ਉਹ ਲਲਕਾਰ ਕੇ ਕਰਦੇ। ਚਮਕੌਰ ਦੀ ਗੜ੍ਹੀ ਵਿਚੋਂ ਨਿਕਲੇ ਤਾਂ ਤਾੜੀ ਮਾਰ ਕੇ ਨਿਕਲੇ-ਲੁਕ ਛਿਪ ਕੇ ਨਹੀਂ।

ਗੁਰੂ ਸਾਹਿਬ ਤੋਂ ਕੇਵਲ 13 ਸਾਲ ਬਾਅਦ ਦਾ ਅਸਰਾਰਿ ਸਮਦੀ ਦਾ ਲੇਖਕ ਲਿਖਦਾ ਹੈ ਕਿ ਗੁਰੂ ਦੇ ਸਿੱਖਾਂ ਨੂੰ ਕੋਈ ਹਰਾ ਨਹੀਂ ਸਕਦਾ ਕਿਉਂਕਿ ਇਨ੍ਹਾਂ ਕੋਲ ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ੀ ਦੇਗ ਤੇ ਤੇਗ ਹੈ। ਦੇਗ ਖਿਮਾਂ ਤੇ ਖੁਲ੍ਹ ਦਾ ਚਿੰਨ੍ਹ ਹੈ ਤੇ ਤੇਗ ਆਪਣੇ ਹੱਥ ਤਾਕਤ ਹੋਣ ਦਾ। ਸਿੱਖ ਜਥੇਬੰਦੀ ਨੇ ਗੁਰੂ ਸਾਹਿਬ ਦੇ ਜੀਵਨ ਕਾਲ ਵਿਚ ਹੀ ਸਹੀ ਤੇ ਸੰਪੂਰਨ ਅਰਥਾਂ ਵਿਚ ਧਰਮ ਤੇ ਰਾਜਨੀਤੀ ਦੇ ਸੁਮੇਲ ਨੂੰ ਸਿਖਰ ਤੇ ਅਪੜਾਇਆ। ਸਿੱਖ ਲਹਿਰ ਉਨ੍ਹਾਂ ਦੇ ਹੱਥਾਂ ਵਿਚ ਹੀ ਰਾਜ ਸੀ ਤਾਕਤ ਵਿਚ ਬਦਲੀ ਪਰ ਇਸ ਸਾਰੇ ਪਰਿਵਰਤਨ ਤੇ ਤਾਕਤ ਦੇ ਬਾਵਜੂਦ ਗੁਰੂ ਸਾਹਿਬ ਦੇ ਜੀਵਨ ਵਿਚ ਸਾਦਗੀ, ਸਵੱਛਤਾ ਤੇ ਧਾਰਮਿਕਤਾ ਦੇ ਉੱਚੇ ਮਿਆਰ ਉਸੇ ਤਰ੍ਹਾਂ ਕਾਇਮ ਕਰੇ ਜਿਵੇਂ ਉਨ੍ਹਾਂ ਦੇ ਪੂਰਵਲੇ ਨੌ ਗੁਰੂਆਂ ਨੇ ਰੱਖੇ ਸਨ। ਨਾ ਰਾਜ ਕਰਦਿਆਂ ਉਨ੍ਹਾਂ ਦਾ ਮਨ ਕਦੇ ਪ੍ਰੇਮ ਤੇ ਦਯਾ ਤੋਂ ਖਾਲੀ ਹੋਇਆ ਅਤੇ ਨਾ ਹੀ ਦੁਖਾਂ ਤਕਲੀਫਾਂ ਵਾਲੀ ਸੰਕਟ ਤੇ ਖਤਰੇ ਭਰੀ ਸਥਿਤੀ ਵਿਚ ਕਦੀ ਉਹ ਨਿਰਾਸ਼ ਹੋਏ। ਹਰ ਹਾਲ ਵਿਚ ਇਕ ਅਕਾਲ ਪੁਰਖ ਵਿਚ ਅਟਲ ਵਿਸ਼ਵਾਸ ਉਨ੍ਹਾਂ ਦੀ ਟੇਕ ਤੇ ਸੇਧ ਬਣਿਆ ਰਿਹਾ।

ਭਗਤੀ ਤੇ ਸ਼ਕਤੀ ਦੇ ਸੁਮੇਲ ਦੇ ਵਿਅਕਤਿਤਵ ਦਾ ਇਕ ਹੋਰ ਨਵੇਕਲਾ ਪਹਿਲੂ ਉਨ੍ਹਾਂ ਦਾ ਕਵੀ ਹੋਣਾ ਸੀ। ਉਹ ਆਪ ਮਹਾਨ ਕਵੀ ਸਨ ਤੇ ਕਵੀਆਂ ਦੇ ਕਦਰਦਾਨ। ਉਨ੍ਹਾਂ ਦੀ ਰਚੀ ਚੰਡੀ ਦੀ ਵਾਰ ਅੱਜ ਵੀ ਮੁਰਦਾ ਦਿਲਾਂ ਵਿਚ ਨਵੀਂ ਰੂਹ ਫੂਕ ਦਿੰਦੀ ਹੈ। ਉਨ੍ਹਾਂ ਦੀ ਇਹ ਸਮੁੱਚੀ ਰਚਨਾ ਲੋਕਾਂ ਵਿਚ ਧਰਮ ਯੁੱਧ ਦੇ ਚਾਅ ਨੂੰ ਉਭਾਰਨ ਲਈ ਰਚੀ ਗਈ ਹੈ। ਉਨ੍ਹਾਂ ਦੇ ਦਰਬਾਰ ਵਿਚ ਦੇਸ਼ ਭਰ ਦੇ ਉੱਤਮ ਕਵੀ ਸਾਹਿਤ ਰਚਨਾ ਦੇ ਕਾਰਜ ਵਿਚ ਜੁਟੇ ਰਹਿੰਦੇ। ਗੁਰੂ ਸਾਹਿਬ ਵਿਦਵਾਨ ਕਵੀਆਂ ਨੂੰ ਉਨ੍ਹਾਂ ਦੀਆਂ ਵਧੀਆ ਰਚਨਾਵਾਂ ਤੇ ਇਨਾਮ, ਸਨਮਾਨ ਦੇ ਕੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕਰਦੇ। ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਪ੍ਰਸਿੱਧ ਗ੍ਰੰਥ ਮਹਾਨ ਕੋਸ਼ ਵਿਚ ਗੁਰੂ ਸਾਹਿਬ ਦੇ ਦਰਬਾਰ ਵਿਚਲੇ ਬਵੰਜਾ ਪ੍ਰਸਿੱਧ ਕਵੀਆਂ ਦੇ ਨਾਮ ਵੀ ਦਿੱਤੇ ਹਨ। ਗੁਰੂ ਸਾਹਿਬ ਦੀਆਂ ਆਪਣੀਆਂ ਰਚਨਾਵਾਂ ਇਨ੍ਹਾਂ ਕਵੀਆਂ ਲਈ ਨਮੂਨਾ ਹੁੰਦੀਆਂ। ਉਨ੍ਹਾਂ ਦੁਆਰਾ ਕੀਤੀ ਸੋਧ ਸੁਧਾਈ ਇਨ੍ਹਾਂ ਕਵੀਆਂ ਦਾ ਮਾਰਗ ਦਰਸ਼ਨ ਕਰਦੀ। ਮਣਾਂ ਮੂੰਹੀ ਉੱਤਮ ਸਾਹਿਤ ਗੁਰੂ ਸਾਹਿਬ ਦੀ ਦੇਖ ਰੇਖ ਵਿਚ ਰਚਿਆ ਗਿਆ। ਦੁਖ ਦੀ ਗੱਲ ਹੈ ਕਿ ਇਹ ਸਾਹਿਤ ਆਨੰਦਪੁਰ ਸਾਹਿਬ ਤੇ ਬਾਰ ਬਾਰ ਹੋਏ ਹੱਲਿਆਂ ਦੀ ਲੁਟ ਮਾਰ ਕਾਰਨ ਅੱਜ ਪੂਰੀ ਤਰ੍ਹਾਂ ਸਾਡੇ ਤੱਕ ਨਹੀਂ ਪਹੁੰਚ ਸਕਿਆ।

ਕ੍ਰਿਤੱਗ ਸਿੱਖ ਧਰਮ ਦੇ ਅਨੁਯਾਈ ਆਪਣੇ ਦਿਲਾਂ ਦੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਅੱਜ ਅਨੇਕਾਂ ਨਾਵਾਂ ਤੇ ਵਿਸ਼ੇਸ਼ਣਾਂ ਨਾਲ ਯਾਦ ਕਰਦੇ ਹਨ। ਉਨ੍ਹਾਂ ਦੇ ਦਿਲਾਂ ਵਿਚ ਗੁਰੂ ਸਾਹਿਬ ਦੀ ਨੀਲਾ ਘੋੜਾ, ਚਿਟਾ ਬਾਜ਼, ਕਲਗੀ, ਚਾਰੇ ਲਾਲਾਂ ਦੀ ਕੁਰਬਾਨੀ, ਪਿਤਾ ਤੇ ਪਰਿਵਾਰ ਦਾ ਬਲੀਦਾਨ, ਉਨ੍ਹਾਂ ਪ੍ਰਤਿ ਮੋਹ ਤੇ ਸ਼ਰਧਾ ਦਾ ਇਕ ਹੜ੍ਹ ਵਗਾ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਦਾ ਨਾਂ ਸੁਣਦੇ ਹੀ ਨੀਲੇ ਘੋੜੇ ਵਾਲੇ, ਨੀਲੇ ਦੇ ਸ਼ਾਹ ਸਵਾਰ, ਪੰਥ ਦੇ ਵਾਲੀ, ਸਰਬੰਸ ਦਾਨੀ, ਚਿਟਿਆਂ ਬਾਜ਼ਾਂ ਵਾਲੇ, ਕਲਗੀਧਰ ਵਰਗੇ ਕਿੰਨੇ ਹੀ ਸ਼ਬਦ ਉਨ੍ਹਾਂ ਦੀ ਅਮਰ ਵੀਰ ਜੋਤਿ ਨੂੰ ਅੱਖਾਂ ਅੱਗੇ ਲਿਆ ਖੜ੍ਹੇ ਕਰਦੇ ਹਨ ਤੇ ਸਿਰ ਆਪ ਮੁਹਾਰੇ ਸ਼ਰਧਾ ਤੇ ਸਤਿਕਾਰ ਨਾਲ ਝੁਕ ਜਾਂਦਾ ਹੈ।

---

## ਰਸੀਦ ਬੁੱਕ ਗੁੰਮ

ਭਾਈ ਹਰਭਜਨ ਸਿੰਘ ਜੀ ਪਠਾਨਕੋਟ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਪਾਸੋਂ ਸੂਰਾ ਦੀ ਰਸੀਦ ਬੁੱਕ ਨੰਬਰ 03601 ਤੋਂ 03700 ਕਿਤੇ ਗੁੰਮ ਹੋ ਗਈ ਹੈ। ਜਿਸ ਕਿਸੇ ਸੱਜਣ ਨੂੰ ਮਿਲੇ ਉਹ ਭਾਈ ਹਰਭਜਨ ਸਿੰਘ ਚੀਫ਼ ਇੰਜੀਨੀਅਰ M.E.S. ਪਠਾਨਕੋਟ ਜਾਂ ਸੂਰਾ ਸਟਾਲ ਤੇ ਪਹੁੰਚਾਉਣ ਦੀ ਖੇਚਲ ਕਰੇ ਜੀ। ਚੰਦੇ ਜਾਂ ਹੋਰ ਰਕਮਾਂ ਜਮ੍ਹਾਂ ਕਰਵਾਉਣ ਵਾਲੇ ਕ੍ਰਿਪਾ ਕਰਕੇ ਉਪਰ ਲਿਖੇ ਨੰਬਰ ਦੀ ਰਸੀਦ ਤੇ ਮਾਇਆ ਨਾ ਦਿਉ ਜੀ।

ਧੰਨਵਾਦ ਸਹਿਤ ਸੰਪਾਦਕ


www.AKJ.Org

# ਜਬ ਲਗੁ ਰਸੁ ਤਬ ਲਗੁ ਨਹੀ ਨੇਹੁ

(ਡਾ: ਪਰਮਜੀਤ ਕੌਰ)

ਕਾਚੀ ਗਾਗਰਿ ਦੇਹ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ॥
ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ ਬਿਨੁ ਹਰਿ ਗੁਰ ਪਾਰਿ ਨ ਪਾਈ॥
(ਆਸਾ ਮ: ੧, ਪੰਨਾ ੩੫੫)

ਵਿਕਾਰਾਂ ਭਰੇ ਕੱਚੇ ਘੜੇ ਵਰਗੇ ਸ਼ਰੀਰ ਦਾ ਆਸਰਾ ਲੈਕੇ ਸੰਸਾਰ ਸਮੁੰਦਰ ਤੋਂ ਪਾਰ ਨਿਕਲਨਾ ਬਹੁਤ ਔਖਾ ਹੈ। ਪਰਮਾਤਮਾ ਦੀ ਓਟ ਆਸਾਰਾ ਲੈਕੇ ਹੀ ਇਸ ਔਖੀ ਘਾਟੀ ਨੂੰ ਪਾਰ ਕੀਤਾ ਜਾ ਸਕਦਾ ਹੈ। ਪਰਮਾਤਮਾ ਦਾ ਪ੍ਰੇਮ ਜੀਵ ਦੀ ਜਿੰਦ ਦਾ ਆਸਰਾ ਬਣ ਜਾਂਦਾ ਹੈ। ਕਾਮ, ਕ੍ਰੋਧ, ਲੋਭ, ਅਹੰਕਾਰ ਆਦਿਕ ਵਿਕਾਰ ਦੁੱਖੀ ਨਹੀਂ ਕਰਦੇ ਤ੍ਰਿਸ਼ਨਾ ਮੋਹ ਵਿੱਚ ਲਿਪਤ ਨਹੀਂ ਕਰਦੀ। ਮਨ ਤਨ ਸਦਾ ਖਿੜੇ ਰਹਿੰਦੇ ਹਨ -

ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ॥ ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ॥
ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ॥ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ॥
ਸੁਨਹੁ ਮੀਤ ਐਸਾ ਪ੍ਰੇਮ ਪਿਆਰੁ॥ ਜੀਅ ਪ੍ਰਾਨ ਘਟ ਘਟ ਆਧਾਰੁ॥
(ਆਸਾ ਮਹਲਾ ੫, ਪੰਨਾ ੩੯੧)

ਪਰਮਾਤਮਾ ਨੂੰ ਪ੍ਰੇਮ ਕਰਨ ਵਾਲੇ ਮਨੁੱਖ ਹੀ ਪਰਮਾਤਮਾ ਦੀਆਂ ਨਜਰਾਂ ਵਿੱਚ ਸੁਚੱਜੇ ਅਤੇ ਸਿਆਣੇ ਹਨ-

ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ।
ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ॥ (ਆਸਾ ਮ: ੫, ਪੰਨਾ ੪੫੦)

ਪਰ ਜਦ ਤਕ ਮਨ ਰਸਾਂ ਵਿੱਚ ਲਿਪਤ ਹੈ, ਅੰਦਰ ਮਾਇਆ ਦੀ ਤ੍ਰਿਸ਼ਨਾ ਹੈ ਹਿਰਦੇ ਵਿੱਚ ਪ੍ਰਭੂ ਲਈ ਪ੍ਰੇਮ ਪੈਦਾ ਨਹੀਂ ਹੋ ਸਕਦਾ -

ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ ਭਾਉ ਕਰੇ॥
ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ। (ਆਸਾ ਮ: ੪, ਪੰਨਾ ੪੫੧)

ਗੁਰੂ ਨਾਨਕ ਦੇਵ ਜੀ ਪ੍ਰਭੂ ਨੂੰ ਵਿਸਾਰ ਦੇਣ ਵਾਲੇ ਵਿਸ਼ਿਆਂ ਦੇ ਰਸਾਂ ਬਾਰੇ ਫੁਰਮਾਉਂਦੇ ਹਨ ਕਿ ਮਹਲ ਮਾੜੀਆਂ, ਹੀਰੇ ਰਤਨ ਸੁੰਦਰ ਇਸਤ੍ਰੀ ਕਾਮਯਾਬੀ ਦਾ ਨਸ਼ਾ, ਮਾਣ ਦਾ ਮਦ, ਬਾਦਸ਼ਾਹਤ, ਰਿਧੀਆਂ ਸਿੱਧੀਆਂ ਇਹ ਸਭ ਪਰਮਾਤਮਾ ਨੂੰ ਵਿਸਾਰ ਦੇਣ ਦੇ ਮੁਖ ਕਾਰਨ ਬਣ ਜਾਂਦੇ ਹਨ। ਵਿਸ਼ਿਆਂ ਦੇ ਰਸਾਂ ਵਿੱਚ ਲਿਪਤ ਹੋਇਆਂ ਮਨੁੱਖ ਪਰਮਾਤਮਾ ਤੋਂ ਦੂਰ ਹੁੰਦਾ ਚਲਾ ਜਾਂਦਾ ਹੈ -

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ (ਸਿਰੀ ਰਾਗੁ ਮ: ੧, ਪੰਨਾ ੧੪)

ਰਸਾਂ ਵਿਚ ਲਿਪਤ ਮਨੁੱਖ ਦਾ ਸਾਰਾ ਧਿਆਨ ਰਸਾਂ ਵਿੱਚ ਹੀ ਰਹਿੰਦਾ ਹੈ। ਮਨ ਵਿੱਚ ਨਿਤ ਨਵੀਆਂ ਇਛਾਵਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਜਿਵੇਂ ਅੱਗ ਵਿੱਚ ਘਿਉ ਪਾਣ ਨਾਲ ਅੱਗ ਭੜਕਦੀ ਜਾਂਦੀ ਹੈ। ਤਿਵੇਂ ਹੀ ਜਿਉਂ ਜਿਉਂ ਇੱਛਾ ਪੂਰੀ ਹੁੰਦੀ ਹੈ ਦੂਸਰੀ ਇੱਛਾ ਪੈਦਾ ਹੋ ਜਾਂਦੀ ਹੈ। ਲੋਭ ਵਧਦਾ ਜਾਂਦਾ ਹੈ ਮਨ ਕਦੇ ਸਤੁੰਸ਼ਟ ਨਹੀਂ ਹੁੰਦਾ। ਜਦੋਂ ਮਨੁੱਖ ਕੋਲ ਆਪਣਾ ਘਰ ਨਹੀਂ ਹੁੰਦਾ ਤਾਂ ਮਨ ਵਿੱਚ ਇੱਛਾ ਹੁੰਦੀ ਹੈ ਆਪਣਾ ਘਰ ਹੋਣਾ ਚਾਹੀਦਾ ਹੈ। ਘਰ ਬਣ ਜਾਂਦਾ ਹੈ ਤਾਂ ਮਨ ਚਾਹੁੰਦਾ ਹੈ ਵਡੀ ਕੋਠੀ ਹੋਣੀ ਚਾਹੀਦੀ ਹੈ। ਕੋਠੀ ਦੀ ਪ੍ਰਾਪਤੀ ਤੋਂ ਬਾਦ ਵੀ ਮਨ ਸੰਤੁਸ਼ਟ ਨਹੀਂ ਹੁੰਦਾ। ਮਨ ਦਲੀਲਾਂ ਦੇਣ ਲਗ ਜਾਂਦਾ ਹੈ ਕਿ ਚੰਗੀ ਜਗਾ ਤੇ ਕੋਠੀ ਹੋਣੀ ਚਾਹੀਦੀ ਹੈ ਇਹੀ ਹਾਲਤ ਦੂਸਰੀ ਵਸਤੂਆਂ ਪ੍ਰਤੀ ਹੁੰਦੀ ਹੈ। ਮਨੁੱਖ ਵਿਸ਼ਿਆਂ ਦੇ ਰਸਾਂ ਵਿੱਚ ਆਨੰਦ ਪ੍ਰਾਪਤ ਕਰਦਾ ਹੋਇਆ ਆਪਣੇ ਆਪ ਨੂੰ ਸਿਰਫ ਸ਼ਰੀਰ ਸਮਝਣ ਲਗ ਜਾਂਦਾ ਹੈ



www.AKJ.Org

ਪੂਰੀ ਤਰ੍ਹਾਂ ਮਨ ਦੇ ਆਧੀਨ ਹੋ ਜਾਂਦਾ ਹੈ ਅਤੇ ਦੁਖੀ ਹੁੰਦਾ ਹੈ। ਕਾਮ ਕ੍ਰੋਧ ਲੋਭ, ਮੋਹ ਹੰਕਾਰ ਆਦਿਕ ਵਿਕਾਰ ਸ਼ੁਭ ਗੁਣਾਂ ਦਾ ਧਾਰਣੀ ਨਹੀਂ ਹੋਣ ਦੇਂਦੇ। ਵਿਸ਼ਿਆ ਦੇ ਰਸਾਂ ਦਾ ਮੋਹ ਮਨ ਨੂੰ ਭਟਕਾਂਦਾ ਰਹਿੰਦਾ ਹੈ। ਭਟਕਦਾ ਹੋਇਆ ਮਨ ਪਰਮਾਤਮਾ ਦੇ ਪ੍ਰੇਮ ਦਾ ਪਾਤਰ ਨਹੀਂ ਬਣਦਾ। ਗੁਰਵਾਕ ਹਨ -

(ੳ) ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ ਦਾਗਾ ਦਾਗ॥
ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ ਜਾਇ॥
(ਧਨਾਸਰੀ ਮ: ੧, ਪੰਨਾ ੬੬੨)

(ਅ) ਫਰੀਦਾ ਜਾ ਲਬੁ ਤ ਨੇਹੁ ਕਿਆ, ਲਬੁ ਤ ਕੂੜਾ ਨੇਹੁ॥
(ਸਲੋਕ ਫਰੀਦ ਜੀ ਪੰਨਾ ੧੩੭੮)

ਭਗਤ ਬੇਣੀ ਜੀ ਸੰਸਾਰਿਕ ਰਸਾਂ ਵਿੱਚ ਫਸੇ ਹੋਏ ਮਨੁੱਖ ਦਾ ਚਿਤ੍ਰਣ ਕਰਦੇ ਹੋਏ ਫੁਰਮਾਉਂਦੇ ਹਨ-
ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥
ਰਸੁ ਮਿਸੁ ਮੇਧੁ ਅੰਮ੍ਰਿਤ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ
ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ, ਰਾਮ ਨਾਮੁ ਨ ਅਰਾਧਿਆ
ਉਛਲਿਆ ਕਾਮੁ, ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਧਿਆ
(ਭਗਤ ਬੇਣੀ ਜੀ ਪੰਨਾ ੯੩)

ਪ੍ਰਭੂ ਨਾਲ ਪ੍ਰੇਮ ਲਈ ਮਨ ਨੂੰ ਸਰੀਰ ਦੇ ਮੋਹ ਤੋਂ ਹੋੜਨਾ ਪੈਂਦਾ ਹੈ। ਜਦ ਤੱਕ ਮਨ ਨਾਸ਼ਵੰਤ ਸਰੀਰ ਨਾਲ ਇਕ ਰੂਪ ਰਹਿੰਦਾ ਹੈ ਤਦ ਤਕ ਇਸ ਦੀ ਪ੍ਰੀਤਿ ਨਾ ਮਾਇਆ ਨਾਲੋਂ ਟੁੱਟਦੀ ਹੈ ਅਤੇ ਨਾ ਹੀ ਪ੍ਰਭੂ ਨਾਲ ਜੋੜਿਆਂ ਜੁੜ ਸਕਦੀ ਹੈ। ਮਨ ਨੂੰ ਪਰਮਾਤਮਾ ਨਾਲ ਜੋੜਨ ਲਈ ਮਾਇਆ ਦਾ ਮੋਹ, ਮਾਇਆ ਦੇ ਚਸਕੇ ਤਿਆਗਣੇ ਜ਼ਰੂਰੀ ਹਨ-

ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ॥ ਜਬ ਲਗੁ ਰਸੁ, ਤਬ ਲਗੁ ਨਹੀ ਨੇਹੁ॥
(ਗਉੜੀ ਕਬੀਰ ਜੀ ਪੰਨਾ ੩੨੮)

ਦੁਨੀਆਂ ਦੀਆਂ ਪ੍ਰੀਤਾਂ ਵਿੱਚੋਂ ਸਭ ਤੋਂ ਵੱਡੀ ਪ੍ਰੀਤ ਪਰਮਾਤਮਾ ਦੀ ਪ੍ਰੀਤ ਹੈ। ਪ੍ਰਭੂ-ਪ੍ਰੇਮ ਰਾਹੀ ਹੀ ਪ੍ਰਭੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਹੋਰ ਕੋਈ ਉਦਮ ਉਸ ਦੀ ਦਰਗਾਹ ਵਿੱਚ ਪ੍ਰਵਾਨ ਨਹੀਂ ਹੁੰਦਾ। ਗੁਰ-ਵਾਕ ਹੈ-

ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ॥ ਜਪਿ ਮਨ ਗੋਬਿੰਦ ਏਕੈ, ਅਵਰ ਨਹੀ ਕੋ ਲੇਖੈ।
ਸੰਤ ਲਾਗੁ, ਮਨਹਿ ਛਾਡੁ ਦੁਬਿਧਾ ਕੀ ਕੁਰੀਆ॥ (ਸੂਹੀ ਮਹਲਾ ੫, ਪੰਨਾਂ ੭੪੬)

ਗੁਰੂ ਦੀ ਸ਼ਰਣ ਵਿੱਚ ਆਕੇ ਹੀ ਰਸਾਂ ਦੇ ਮੋਹ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਪੰਜ ਚੰਡਾਲਾਂ ਨੂੰ ਹਿਰਦੇ ਵਿਚੋ ਬਾਹਰ ਕੱਢਿਆ ਜਾ ਸਕਦਾ ਹੈ। ਜਿਹੜਾ ਮਨੁੱਖ ਸਾਧ-ਸੰਗਤ ਦੀ ਰਾਹੀ ਗੁਰ-ਸ਼ਬਦ ਨਾਲ ਜੁੜਦਾ ਹੈ, ਨਿਤ ਨਾਮ ਜਪਦਾ ਹੋਇਆ ਗੁਰ-ਸ਼ਬਦ ਅਨੁਸਾਰ ਆਪਣਾ ਜੀਵਨ ਢਾਲਦਾ ਹੈ ਉਸਦੀਆਂ ਮੋਹ ਦੀਆਂ ਬੇੜੀਆਂ ਕੱਟੀਆਂ ਜਾਂਦੀਆਂ ਹਨ। ਮਨ ਵਿੱਚ ਆਤਮਿਕ ਜੀਵਨ ਦੀ ਸੂਝ ਪੈਦਾ ਹੋ ਜਾਂਦੀ ਹੈ। ਭਰਮ ਦੂਰ ਹੋ ਜਾਂਦਾ ਹੈ ਅਤੇ ਤ੍ਰਿਸ਼ਨਾ ਦੇ ਅੱਗ ਦੇ ਭਾਂਬੜ ਬੁੱਝ ਜਾਂਦੇ ਹਨ। ਐਸਾ ਮਨੁੱਖ ਸ਼ੁਭ ਗੁਣਾਂ ਨੂੰ ਧਾਰਣ ਕਰਕੇ ਪ੍ਰਭੂ ਦੇ ਪ੍ਰੇਮ ਦੀ ਪ੍ਰਾਪਤੀ ਦੇ ਮਾਰਗ ਤੇ ਚੱਲ ਪੈਂਦਾ ਹੈ।

ਗੁਰਮਤੀ ਭਉ ਮਨਿ ਪਵੈ ਤਾਂ ਹਰਿ ਰਸਿ ਲਗੈ ਪਿਆਰਿ। (ਮ: ੩, ਪੰਨਾ ੧੪੧੪)

ਪ੍ਰਭੂ-ਪ੍ਰੇਮ ਵਿੱਚ ਜੁੜੇ ਹੋਏ ਐਸੇ ਮਨੁੱਖ ਨੂੰ ਦੁਨੀਆਂ ਦੇ ਰਸ ਗਲਤ ਜੀਵਨ ਰਾਹ ਤੇ ਨਹੀਂ ਲੈ ਜਾਂਦੇ ਉਹ ਸਿਰਫ ਉਹੀ ਕੰਮ ਕਰਦਾ ਹੈ ਜਿਹੜੇ ਉਸ ਨੂੰ ਪ੍ਰਭੂ ਨਾਲ ਜੋੜੀ ਰੱਖਦੇ ਹਨ। ਉਸ ਨੂੰ ਖੋਟੀ ਮਤਿ ਵਾਲਾ ਸਾਰਾ ਜੀਵਨ ਰਵਈਆ ਭੁੱਲ ਜਾਂਦਾ ਹੈ ਕਿਉਂਕਿ ਜਦੋਂ ਤਕ ਮਨ ਵਿਸ਼ਿਆਂ ਦੇ ਰਸਾਂ ਵਿੱਚ ਲਿਪਤ

(ਬਾਕੀ ਪੰਨਾ ੩੦ ਤੇ )


www.AKJ.Org

# ਆਉ ਆਪਾਂ ਗੁਰੂ ਮਨਾਈਏ

ਸ੍ਰ ਕੰਵਰਜੀਤ ਸਿੰਘ ਆਜ਼ਾਦ, ਦਿੱਲੀ

ਟੁਟਿ ਕੇ ਗੁਰੂ ਤੋਂ ਮਾਰ ਹੈ ਖਾਧੀ, ਅਜ ਗਲਤੀ ਆਪਣੀ ਮੰਨ ਜਾਈਏ।
ਹਾਂ ਗੁਨਹਗਾਹ ਤੇ ਲੂਣ. ਹਰਾਮੀ, ਸਤਿਗੁਰੂ ਜੀ ਤੋਂ ਭੁਲ ਬਖਸ਼ਾਈਏ।
ਚਰਨਿ ਸਰਨਿ ਢਹਿ ਗੁਰੂ ਗ੍ਰੰਥ, ਰਾਜ ਤਾਜ ਤੇ ਸ਼ਕਤੀ ਪਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਉ ਆਪਾਂ ਗੁਰੂ ਮਨਾਈਏ।

ਗੁਰੂ ਨਾਨਕ ਰਾਹ ਪ੍ਰੇਮ ਦਾ ਦਸਿਆ, ਚਲਿ ਕੇ ਇਸ ਤੇ ਅਸੀਂ ਵਿਖਾਈਏ।
ਗਲਵਕੜੀ ਪਾ ਕੇ ਨਾਲ ਗਵਾਂਢੀ, ਮੈਲ ਦਿਲਾਂ ਦੀ ਸਾਫ ਕਰਾਈਏ।
ਘਰ ਘਰ ਜਾ ਕੇ ਨਵੇਂ ਮਿਤ੍ਰਾਂ ਦੇ, ਗੁਰੂ ਨਾਨਕ ਦੀ ਬਾਤ ਸੁਣਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਓ ਆਪਾਂ ਗੁਰੂ ਮਨਾਈਏ।

ਗੁਰੂ ਅੰਗਦ ਜੀ ਸੇਵਾ ਸਿਖਾਈ, ਕਰਿ ਸੇਵਾਸਭ ਨੂੰ ਅਪਣਾਈਏ।
ਨਿਰਭਓ ਨਿਰੰਕਾਰ ਸਤਿਗੁਰੂ ਨੂੰ, ਖਲਕਤ ਚੋਂ ਹੀ ਲਭੁ ਲਭੁ ਪਾਈਏ।
ੴ ਅੰਕਾਰ ਪਿਤਾ ਜੋ ਸਾਚਾ, ਬਾਰਕ ਉਸ ਦੇ ਅਸੀਂ ਬਨ ਜਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਓ ਆਪਾਂ ਗੁਰੂ ਮਨਾਈਏ।

ਓਟ ਨਿਓਟਿਆਂ ਬਣਨੀ ਸਿਖੀਏ, ਤਾਣ ਨਿਤਾਣੀ ਬਨਿ ਕੇ ਵਿਖਾਈਏ।
ਭੱਲੇ ਅਮਰਦਾਸ ਸਤਿਗੁਰ ਦੀ, ਸਾਚੀ ਸਿਖਿਆ ਨੂੰ ਮੁੜ ਦ੍ਰਿੜਾਈਏ।
ਨ ਕੋਈ ਵੈਰੀ ਨਹੀ ਬੇਗਾਨਾ, ਗੀਤ ਪਿਆਰਾ ਮੁੜ ਕੇ ਗਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਓ ਆਪਾਂ ਗੁਰੂ ਮਨਾਈਏ।

ਹਰਿਮੰਦਰ ਹਰ ਰਿਦੈ ਬਣਾਈਏ, ਹਰ ਥਾਂ ਹਰਿ ਦੀ ਕਥਾ ਕਰਾਈਏ।
ਗੁਰਬਾਣੀ ਦੀ ਇਹ ਅੰਮ੍ਰਿਤ ਧਾਰਾ, ਹਰ ਇਕ ਘਰ ਦੇ ਵਿਚ ਵਰਸਾਈਏ।
ਰਾਮਦਾਸ ਸੋਢੀ ਸਤਿਗੁਰ ਤੇ, ਗੁਰੂ ਅਰਜਨ ਦੀ ਜੈ ਜੈ ਕਰਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਓ ਆਪਾਂ ਗੁਰੂ ਮਨਾਈਏ।

ਮੀਰੀ ਬਖਸ਼ੀ ਸਤਿਗੁਰ ਹੈ ਸਾਨੂੰ, ਪੀਰੀ ਨੂੰ ਵੀ ਅਸੀਂ ਅਪਣਾਈਏ।
ਹਰਿਗੋਬਿੰਦ ਗੁਰੂ ਰਸਤਾ ਦਸਿਆ, ਕਰਿ ਭਗਤੀ ਅਸੀਂ ਸ਼ਕਤੀ ਪਾਈਏ।।
ਗੁਰੂ ਹਰਿਰਾਏ ਹਰਿਕ੍ਰਿਸ਼ਨ ਧਿਆਂਦੇ, ਦੁਖ ਦਰਦ ਸਭੁ ਦੇ ਵੰਡਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਓ ਆਪਾਂ ਗੁਰੂ ਮਨਾਈਏ।।

ਤੇਗ ਬਹਾਦਰ ਹਿੰਦ ਦੀ ਚਾਦਰ, ਛਾਂ ਵਿਚ ਉਸ ਦੀ ਸਭੁ ਨੂੰ ਲਿਆਈਏ।
ਧਰਮ ਆਜਾਦੀ ਬਖਸ਼ਿਸ਼ ਉਸਦੀ, ਸਭ ਧਰਮਾਂ ਦੀ ਸਾਂਝ ਕਰਾਈਏ।
ਕਲ ਤਕ ਬਨਿ ਦੁਸ਼ਮਨ ਰਹੇ ਲੜਦੇ, ਮਾਰ ਦੁਸਮਣੀ ਅੱਜ ਤੋਂ ਵਿਖਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਓ ਆਪਾਂ ਗੁਰੂ ਮਨਾਈਏ।

ਗੁਰੂ ਦਸਮੇਸ਼ ਮਹਾਂ ਬਲੀਦਾਨੀ, ਨਿਵ ਨਿਵ ਉਸ ਨੂੰ ਸੀਸ ਝੁਕਾਈਏ।
ਵਾਰੇ ਲਾਲ ਅਸਾਂ ਲਈ ਜਿਸ ਨੇ, ਸੁਤ ਬਨਿ ਕਰਜ਼ਾ ਮਾਫ ਕਰਾਈਏ।
ਪਾਹੁਲ ਖੰਡਿਓ ਧਾਰ ਪਿਲਾ ਕੇ, ਵਰਣ ਭੇਦ ਅਜ ਮੁੜ ਕੇ ਮਿਟਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਓ ਆਪਾਂ ਗੁਰੂ ਮਨਾਈਏ।

ਜੁਗ ਜੁਗ ਤੋਂ ਅਟਲ ਓਅੰਕਾਰ ਗੁਰੂ, ਬਣਿ ਸ਼ਬਦ ਪ੍ਰਗਟਿ ਹੈ ਮਨ ਜਾਈਏ।
ਵਾਹਿਦੇ ਹੈ ਗੁਰੂ ਵਾਹਿਗੁਰੂ ਸਾਡਾ, ਕਹਿ ਉਸ ਨੂੰ ਧੰਨ ਧੰਨ ਧੰਨ ਗਾਈਏ।
ਗੁਰੂ ਗ੍ਰੰਥ ਦੀ ਤਾਬਿਆ ਪੰਥ ਗੁਰੂ, ਵਿਚ ਸੰਗਤ ਨਿਤ ਦਰਸ਼ਨ ਪਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਓ ਆਪਾਂ ਗੁਰੂ ਮਨਾਈਏ।

ਘਰ ਸਾੜੂ ਦਾਰੂ ਸੁਖਾ ਖੈਣੀ, ਕੋਈ ਵਸਤੂ ਨ ਭੈੜੀ ਮੁਖ ਪਾਈਏ।
ਇੰਨ੍ਹਾਂ ਬਦਲੇ ਪਾਹੁਲ ਪੀ ਕੇ ਅਸੀਂ, ਦਸ਼ਮੇਸ਼ ਗੁਰੂ ਦੀ ਖੁਸ਼ੀ ਪਾਈਏ।
ਦੇਹਧਾਰੀ ਪਾਖੰਡੀ ਗੁਰੂ ਕੋਈ ਗੁਰੂ ਦੋਖੀ ਨ ਮੂੰਹ ਲਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਓ ਆਪਾਂ ਗੁਰੂ ਮਨਾਈਏ।

ਰਲ ਮਿਲ ਰਹਿਣਾ ਆਪਾਂ ਸਿਖੀਏ, ਰਲ ਮਿਲ ਕੌਮ ਦੇ ਭਾਗ ਜਗਾਈਏ।
ਮੈਂ ਤੋਂ ਅਪਣੀ ਉਪਰ ਉਠੀਏ, ਖੁਦ ਗਰਜੀ ਨੂੰ ਮਾਰ ਮੁਕਾਈਏ।
ਗੁਰਮਤਿ ਮਾਰਗੁ ਚਲਨਾ ਸਿਖੀਏ, ਮਨਮਤੀਆਂ ਤੋਂ ਪਲਾ ਛੁਡਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਓ ਆਪਾਂ ਗੁਰੂ ਮਨਾਈਏ।

ਆਓ ਰਲ ਮਿਲ ਗੁਰੂ ਮਨਾਈਏ, ਗੁਰੂ ਮਨਾ ਕੇ ਸਭੁ ਵਰ ਪਾਈਏ।
ਸਰਬਤ ਦਾ ਭਲਾ ਮਨਾਂਦੇ ਹੋਏ, ਪੰਜ ਕਕਾਰੀ ਸਿਖੀ ਫੈਲਾਈਏ।
ਹੇ ਆਜ਼ਾਦ ਤਦ ਵੋਟ ਵਧੇਗੀ, ਸ਼ਾਨ ਵਧੇਗੀ ਕਰਿ ਜੇ ਵਿਖਾਈਏ।
300 ਵੇਂ ਸਥਾਪਨਾ ਵਰ੍ਹੇ ਤੇ ਅੱਜ, ਆਓ ਆਪਾਂ ਗੁਰੂ ਮਨਾਈਏ।

ਨਿਗੁਰੇ ਦੀ ਗਤਿ ਕਿਤੇ ਨ ਹੋਂਦੀ, ਗੁਰੂ ਵਾਲੇ ਬਣਿ ਗਤਿ ਕਰਾਈਏ।
ਗੁਰਬਰ ਅਕਾਲ ਗੁਰਬਰ ਅਕਾਲ, ਇਸ ਮੰਤ੍ਰ ਨੂੰ ਨਿਤ ਨਿਤ ਗਾਈਏ।
ਧਰਮਰਾਏ ਹੈ ਲੇਖਾ ਮੰਗਣਾ, ਉਜਲਾ ਮੁਖੜਾ ਲੈ ਕੇ ਜਾਈਏ।
ਉਸ ਸਾਚੇ ਦਰਬਾਰ ਦੇ ਅੰਦਰ, ਵਾਹਿਗੁਰੂ ਜੀ ਦੀ ਕਿਰਪਾ ਪਾਈਏ।

---

ਪੰਨਾ ੨੮ ਦਾ ਬਾਕੀ ...

ਹੈ ਤਦੋਂ ਤਕ ਤ੍ਰਿਸ਼ਨਾ ਹੈ, ਹਉਮੈ ਹੈ ਜਦੋਂ ਨਾਮ ਰਸ ਵਿਚ ਰੰਗਿਆ ਜਾਂਦਾ ਹੈ ਤ੍ਰਿਸ਼ਨਾ ਮੁੱਕ ਜਾਂਦੀ ਹੈ ਅੱਖਾ ਆਪਣੇ ਆਪ ਵਿੱਚ ਰੱਤੀਆਂ ਰਹਿੰਦੀਆਂ ਹਨ। ਨਿੰਦਾ ਆਦਿਕ ਸੁਣਨ ਦੀ ਤਾਂਘ ਕੰਨਾ ਵਿੱਚ ਲੀਨ ਹੋ ਜਾਂਦੀ ਹੈ ਜੀਭ ਨਾਮ ਸਿਮਰਨ ਕਰਦੇ ਹੋਏ ਨਾਮ-ਰਸ ਵਿੱਚ ਰੰਗੀਜਕੇ ਸੋਹਣੀ ਬਣ ਜਾਂਦੀ ਹੈ ਮਨ ਪ੍ਰਫੁਲਿਤ ਹੋ ਜਾਂਦਾ ਹੈ-

ਹਉ ਮੁਆ ਮੈ ਮਰਿਆ ਪਉਣੁ ਵਹੈ ਦਰੀਆਉ॥
ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ॥
ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ॥
ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ॥
ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ॥ (ਮ: ੧, ਪੰਨਾ ੧੦੯੧)

ਇਸ ਲਈ ਵਿਸ਼ਿਆ ਦੇ ਰਸਾਂ ਵਿੱਚ ਆਸਕਤੀ ਨੂੰ ਛੱਡ ਕੇ ਪ੍ਰਭੂ-ਪ੍ਰੇਮ ਪ੍ਰਾਪਤੀ ਦੇ ਰਸਤੇ ਤੇ ਚਲਨਾ ਹੀ ਸੁੱਖ ਅਤੇ ਮਾਨਸਿਕ ਸ਼ਾਂਤੀ ਨੂੰ ਦੇਣ ਵਾਲਾ ਕਲਿਆਣਕਾਰੀ ਮਾਰਗ ਹੈ। ਪਰਮਾਤਮਾ ਦੀ ਕ੍ਰਿਪਾ ਨਾਲ ਹੀ ਇਹ ਸੁਭਾਗ ਪ੍ਰਾਪਤ ਹੁੰਦਾ ਹੈ –

ਪ੍ਰੇਮ ਕੀ ਸਾਰ ਸੋਈ ਜਾਣੈ ਜਿਸਨੋ ਨਦਰਿ ਤੁਮਾਰੀ ਜੀਉ॥ (ਮਾਰੂ ਮ: ੩, ਪੰਨਾ ੧੦੧੬)

# ਲਹੂ ਵਿਚ ਡੁੱਬੇ ਸੱਤ ਦਿਹਾੜੇ

ਪ੍ਰਿੰ: ਸਵਰਨ ਸਿੰਘ ਜੀ

(ਪ੍ਰਿੰ ਸਵਰਨ ਸਿੰਘ ਜੀ ਗਿਣਤੀ ਦੇ ਕੁਝ ਉਨ੍ਹਾਂ ਲਿਖਾਰੀਆਂ ਵਿਚੋਂ ਹਨ ਜੋ ਸਿੱਖ ਇਤਿਹਾਸ ਦੀਆਂ ਅਹਿਮ ਘਟਨਾਵਾਂ ਨੂੰ ਬੜੀ ਬਰੀਕੀ ਨਾਲ ਖੋਜ਼ ਵਿਚਾਰ ਕੇ ਵਿਸਧਾਰ ਸਹਿਤ ਰੂਪਮਾਨ ਕਰਦੇ ਹਨ। ਆਪ ਜੀ ਦੀ ਲਿਖਣ ਸ਼ੈਲੀ ਇਸ ਤਰ੍ਹਾਂ ਦੀ ਹੈ ਕਿ ਜੇਕਰ ਇਕ ਵਾਰੀ ਪਾਠਕ ਪੜ੍ਹਨਾ ਸ਼ੁਰੂ ਕਰ ਦੇਵੇ ਤਾਂ ਅਖੀਰ ਤੱਕ ਖੁੱਭਿਆ ਹੀ ਚਲਾ ਜਾਂਦਾ ਹੈ। ਇਸ ਤੋਂ ਇਲਾਵਾ ਆਪ ਆਪਣੀਆਂ ਲਿਖਤਾਂ ਵਿਚ ਸਿਖ ਇਤਿਹਾਸ ਵਿਚ ਪਏ ਹੋਏ ਭੁਲੇਖਿਆਂ ਨੂੰ ਵੀ ਦਲੀਲ ਸਹਿਤ ਸੋਧਦੇ ਰਹਿੰਦੇ ਹਨ। ਸੂਰਾ ਦੇ ਪਾਠਕ ਕੁਝ ਸਾਲ ਪਹਿਲਾਂ ਆਪ ਜੀ ਦੀਆਂ ਲਿਖਤਾਂ 'ਭੂਰਿਆਂ ਵਾਲੇ ਰਾਜੇ ਕੀਤੇ' ਸਿਰਲੇਖ ਹੇਠ ਪੜ੍ਹਦੇ ਰਹੇ ਹਨ। ਹੱਥਲੀ ਲੇਖ ਲੜੀ ਸਿੱਖ ਇਤਿਹਾਸ ਦੀ ਉਸ ਮਹਾਨ ਘਟਨਾ ਦਾ ਵਰਨਣ ਹੈ ਜਿਸ ਦੀ ਕੋਈ ਮਿਸਾਲ ਦੁਨੀਆਂ ਦੇ ਕਿਸੇ ਇਤਿਹਾਸ ਵਿਚ ਨਾ ਮਿਲਦੀ ਹੈ ਅਤੇ ਨਾ ਹੀ ਮਿਲੇਗੀ। ਇਸ ਲੇਖ ਲੜੀ ਦਾ ਪਹਿਲਾ ਲੇਖ ਭਾਈ ਸਾਹਿਬ ਨੇ ਕਿਸੇ ਸੱਜਣ ਦੇ ਹੱਥ ਸੂਰਾ ਲਈ ਭੇਜਿਆ ਸੀ ਪਰ ਉਹ ਸੂਰਾ ਤੱਕ ਨਾ ਪਹੁੰਚਣ ਕਰਕੇ ਛਪ ਨਹੀਂ ਸਕਿਆ। ਜੇਕਰ ਫਿਰ ਕਿਤੇ ਉਹ ਲੇਖ ਮਿਲਿਆ ਤਾਂ ਛਾਪ ਦਿੱਤਾ ਜਾਵੇਗਾ। ਸੰਪਾਦਕ)

ਸੱਤ ਪੋਹ ਦਾ ਸੂਰਜ ਅਜੇ ਅਸਤ ਨਹੀਂ ਸੀ ਹੋਇਆ ਜਦ ਦਸਮੇਸ਼ ਜੀ ਹਵੇਲੀ ਅੰਦਰ ਤਸ਼ਰੀਫ ਲੈ ਗਏ। ਕਲ ਨੂੰ ਹੋਣ ਵਾਲੇ ਯੁੱਧ ਲਈ ਮੋਰਚਾ ਬੰਦੀ ਦਾ ਬੰਨ੍ਹ ਸੁਭ ਕਰਨ ਲਈ ਡਿਠ ਵੇਖੀ। ਇਹ ਜਗ੍ਹਾ ਕੋਈ ਕੋਟ ਚਾੜ੍ਹ ਤਾਂ ਹੈ ਨਹੀਂ ਸੀ, ਪਰ ਕੰਮ ਤਾਂ ਇਸ ਤੋਂ ਗੜ੍ਹੀ ਦਾ ਹੀ ਲੈਣਾ ਸੀ। ਦਰਵਾਜਾ ਵੀ ਕੋਈ ਮਜ਼ਬੂਤ ਨਹੀਂ ਸੀ। ਇਸ ਦੀ ਤੇ ਕਮਜ਼ੋਰ ਕੰਧਾਂ ਦੀ ਰਾਖੀ ਦੀ ਤਕੜਾਈ ਕਿ ਵੈਰੀ ਲਾਗੇ ਨਾ ਢੁਕ ਸਕੇ, ਸਭ ਵਿਉਂਤ ਸਿੰਘਾਂ ਨੂੰ ਸਮਝਾ ਦਿਤੀ ਕਿ ਤੜਕ ਸਾਰ ਥਾਉਂ-ਥਾਈਂ ਡਟ ਜਾਣਾ ਹੈ। ਫਿਰ ਕਲਗੀਧਰ ਨੇ ਅਪਣੇ ਕਮਰਕੱਸੇ ਚੋਂ ਖੰਜਰ ਕੱਢ ਕੇ ਕੱਚੀ ਕੰਧ 'ਚ ਥੋੜਾ ਜਿਹਾ ਖਭੋ ਕੇ ਉਡੇਸ ਨਾਲ ਇਕ ਨਿੱਕੀ ਜਿਹੀ ਮਿੱਟੀ ਦੀ ਡਲੀ ਪੁੱਟ ਕੇ ਤਲੀ ਤੇ ਰਖੀ ਪਲ ਕੁ ਉਸ ਵੱਲ ਤੱਕਿਆ ਤੇ ਅੰਗੂਠੇ ਨਾਲ ਦਬਾ ਦਬਾ ਬਾਰੀਕ ਕਰ ਲਿਆ। ਇਹ ਹੱਥ ਉੱਚਾ ਮੂੰਹ ਬਰਾਬਰ ਕਰ ਫੂਕ ਮਾਰ ਕੇ ਉਹ ਪੀਸੀ ਬਾਰੀਕ ਮਿਟੀ ਉਤਾਂਹ ਨੂੰ ਉਡਾ ਦਿਤੀ। ਭਾਈ ਦਇਆ ਸਿੰਘ ਤੇ ਹੋਰ ਬਹੁਤ ਸਾਰੇ ਸਿੰਘਾਂ ਨੇ ਇਹ ਕਉਤਕ ਤੱਕ ਕੇ ਇਕ ਦੂਜੇ ਵੱਲ ਵੇਖਿਆ ਕਿਸੇ ਨੂੰ ਵੀ ਕੁਝ ਸਮਝ ਨਾ ਆਇਆ। ਪਿਆਰੇ ਭਾਈ ਦਇਆ ਸਿੰਘ ਨੇ ਹੀਆ ਕਰ ਕੇ ਬਚਨ ਕਰਨ ਦੀ ਆਗਿਆ ਲਈ ਤੇ ਪੁੱਛਿਆ :ਸਾਹਿਬ ਜੀਉ ! ਆਪ ਜੀ ਦਾ ਇਹ ਫੋਲਾਦੀ ਖੰਜਰ ਜੋ ਵੈਰੀਆਂ ਦੀਆਂ ਸੰਜੋਆਂ, ਕਵਚ ਪਾੜਨ ਤੇ ਛਾਤੀ ਚੀਰਨ ਤੋਂ ਬਿਨਾਂ ਕਦੇ ਹੋਰ ਕਿਸੇ ਕੰਮ ਲਈ ਮਿਆਨੋ ਨਹੀਂ ਸੀ ਆਇਆ ਇਸ ਕੱਚੀ ਕੰਧ ਵਿਚ ਖਭੋ ਕੇ ਮਿੱਟੀ ਪੁੱਟੀ ਹੈ। ਫਿਰ ਤਲੀ ਤੇ ਬਾਰੀਕ ਕਰਕੇ ਉਸ ਨੂੰ ਉਤਾਂਹ ਆਕਾਸ਼ ਵੱਲ ਕਿਉਂ ਉਡਾ ਦਿਤਾ ਹੈ ਫੂਕ ਮਾਰ ਕੇ? ਹਜ਼ੂਰ ਇਸ ਦਾ ਭੇਤ ਖੋਲ੍ਹਣਾ'' ਗੁਰਦੇਵ ਨੇ ਸਾਰਿਆਂ ਸਿੰਘਾਂ ਦੇ ਪ੍ਰਸ਼ਨ-ਚਿੰਨ੍ਹ ਬਣੇ ਚਿਹਰਿਆਂ ਵੱਲ ਬੜੇ ਪਿਆਰ ਨਾਲ ਤਕਦਿਆਂ, ਮੁਸਕਰਾ ਕੇ ਕਿਹਾ : ਮੇਰੇ ਬਹਾਦਰ ਸਿੰਘੋਂ ! ਮੈਂ ਅੱਜ ਤੱਕ ਅਪਣੇ ਪਿਆਰੇ ਸੂਰਬੀਰ ਸਿੰਘਾਂ ਤੋਂ ਕੁਝ ਵੀ ਛੁਪਾ ਕੇ ਨਹੀਂ ਰੱਖਿਆ, ਅੱਜ ਕਿਉਂ ਰੱਖਾਗਾਂ। ਗੱਲ ਬੜੀ ਸਾਫ ਹੈ, ਸੁਣੋ : ਸਿੱਖੀ ਦਾ ਜਨਮ ਨਨਕਾਣਾ ਸਾਹਿਬ ਹੋਇਆ, ਪਟਨੇ ਵਿਖੇ ਬਚਪਨ ਗੁਜਾਰਿਆ ਅਨੰਦਪੁਰ ਸਾਹਿਬ ਵਿਖੇ ਇਹ ਪਰਵਾਨ ਚੜ੍ਹੀ ਹੈ। ਸਾਹਿਬ ਸਤਿਗੁਰੂ ਨਾਨਕ ਦੇਵ ਜੀ ਤੋਂ ਪ੍ਰਾਪਤ ਹੋਈ ਸਿਖਿਆ ਜੋ ਨੌਵਾਂ ਜਾਮਿਆਂ ਵਿਚ ਦ੍ਰਿੜ ਕਰਾਈ ਗਈ ਤੇ ਜਿਸ ਦਾ ਆਖਰੀ ਸਰੂਪ ਅਕਾਲ ਪੁਰਖ ਨੇ ''ਖਾਲਸਾ ਪੰਥ'' ਦੀ ਸ਼ਕਲ ਵਿਚ ਦੇ ਕੇ ਬੜੇ ਬੜੇ ਆਤਮਕ ਤੇ ਸੰਸਾਰਕ ਆਦੇਸ਼ ਦਿਤੇ ਹਨ, ਉਸ ਲਈ ਗਈ ਸਾਰੀ ਪ੍ਰੀਖਿਆ ਦਾ ਕੇਂਦਰ ਬਣਨ ਦਾ ਮਾਣ ਚਮਕੌਰ ਦੀ ਇਸ ਕੱਚੀ ਹਵੇਲੀ ਨੂੰ ਬਖਸ਼ਿਸ਼ ਹੋਇਆ ਹੈ। ਬਹੁਤ ਹੀ ਬੁਲੰਦ ਮਰਤਬਾ ਇਸ ਨੂੰ ਮਰਹਿਮਤ ਹੋਇਆ ਹੈ। ਕਲ ਨੂੰ ਜੋ ਇਮਤਿਹਾਨ ਅਸਾਂ ਦੇਣਾ ਹੈ, ਐਸਾ ਦੁਨੀਆਂ ਦੇ ਤਖਤੇ 'ਤੇ ਨ ਪਹਿਲਾਂ ਕਦੀ ਹੋਇਆ ਹੈ ਤੇ ਨਾ ਹੋਵੇਗਾ। ਇਸ ਵਿਚ ਬੜੇ ਬੜੇ ਨਾਮੀ ਜਰਨੈਲਾਂ ਦੇ ਮਾਣ ਮਿੱਟੀ ਵਿਚ ਮਿਲਣਗੇ। ''*ਸਵਾ ਲਾਖ ਦੇ ਏਕ ਲੜਾਊ.....* 'ਦਾ ਪਰਚਾ ਏਥੇ ਹੱਥੀਂ ਹੱਲ ਹੁੰਦਾ ਤੇ ਨਤੀਜਾ ਸਾਰਾ ਜਹਾਨ ਵੇਖੇਗਾ। ਏਥੇ ਡੁਲ੍ਹਿਆ ਸ਼ਹੀਦਾਂ ਦਾ ਖੂਨ ਆਹਲਾ ਨਹੀਂ ਜਾਵੇਗਾ ਸਾਹਿਸਹੀਣ, ਉਤਸ਼ਾਹ-ਹੀਣ, ਬਲਹੀਣ, ਉਦਮਹੀਣ ਅਤੇ ਅਣਖ-ਹੀਣ ਹੋ ਚੁੱਕੀ ਕੌਮ ਦੀਆਂ ਨਾੜਾਂ ਵਿਚ ਰਚ ਕੇ ਨਿਰਬਲ ਹੁੰਦੀਆਂ ਨੂੰ ਬਲਵਾਨ ਬਣਾਇਗਾ। ਦੇਸ ਧਰਮ ਲਈ ਮਰ ਮਿਟਣ ਤੇ ਜ਼ੁਲਮ ਜਬਰ ਦੀਆਂ ਜੜ੍ਹਾਂ ਪੁਟਣ ਜੋਗੇ ਬਣਾ ਦੇਵੇਗਾ। ਈਸ਼ਵਰ ਨੇ ਇਸ ਕੱਚੀ ਹਵੇਲੀ ਨੂੰ

ਕਿਡਾ ਬੁਲੰਦ ਮਰਤਬਾ ਬਖਸ਼ਿਆ ਹੈ। ਵੱਡੇ ਵੱਡੇ ਮਜ਼ਬੂਤ ਖੁਲ੍ਹੇ ਤੇ ਉੱਚੇ, ਨਾ ਸਰ ਹੋਣ ਵਾਲੇ ਕੋਟ ਗੜ੍ਹ ਇਸਦੇ ਮੁਕਾਬਲੇ ਨਿਗੂਣੇ ਜਾਪਣਗੇ। ਇਸ ਨੂੰ ਝੁਕ ਝੁਕ ਸਲਾਮਾਂ ਕਰਨਗੇ। ਇਸ ਦਾ ਦਰਜਾ ਫਰਸ਼ ਤੋਂ ਉਸ ਅਰਸ਼ ਤਕ ਜਾਵੇਗਾ। ਇਸ ਦੀ ਕੱਚੀ ਕੰਧ ਦੀ ਮਿੱਟੀ ਬਾਰੀਕ ਕਰਕੇ ਐਂਵੇ ਉਤਾਂਹ ਨਹੀਂ ਉਡਾਈ। ਇਸ ਦੀ ਅਜ਼ਮਤ ਨੂੰ ਤਸਦੀਕ ਕਰਨ ਲਈ ਇਸ ਨੂੰ ਇਹ ਸਲਾਮੀ ਦਿੱਤੀ ਹੈ। ਏਸੇ ਅਸਥਾਨ ਤੇ ਅਕਾਲ ਪੁਰਖ ਦੀ ਅਮਾਨਤ ਮੈ ਵਾਪਸ ਕਰਕੇ ਕਰਜ਼ ਫਰਜ਼ ਦੇ ਬੋਝ ਤੋਂ ਸੁਰਖਰੂ ਹੋਣਾ ਹੈ। ਜੇ ਆਪਾਂ ਕਲ ਸਾਰੇ ਪਾਸ ਹੋ ਗਏ ਤਾਂ ਜਦ ਤਕ ਸੂਰਜ ਤਾਰੇ ਰਹਿਣਗੇ ਖਾਲਸਾ ਪੰਥ ਦੀਆਂ ਗੂੰਜਾਂ ਜਹਾਨ ਵਿਚ ਸਦਾ ਪੈਂਦੀਆਂ ਰਹਿਣਗੀਆਂ। ਜੇ ਜ਼ਰਾ ਮਾਸਾ ਵੀ ਢਿਲ ਜਾਂ ਧੜਕਾ ਆ ਗਿਆ ਤਾਂ ਯਾਦ ਰਹੇ ਸਾਰਾ ਹੀ ਖੇਲ੍ਹ ਸਮਾਪਤ ਹੋ ਜਾਵੇਗਾ। ਜ਼ੁਲਮ ਜਬਰ ਤੇ ਅਨ੍ਹੇਰ ਗਰਦੀ ਦੇ ਜਰਨੈਲ ਮੂੰਹ ਦੀ ਖਾਕੇ ਖਾਕ ਵਿਚ ਮਿਲਣਗੇ। ਸਦਾ ਲਈ ਲਾਅਨਤਾਂ ਫਟਕਾਰਾਂ ਦਾ ਭਾਰ ਸਿਰੀਂ ਲੈ ਜਾਣਗੇ। ਹਾਂ ਦੇਸ਼ ਧਰਮ ਦੀ ਲਾਟ-ਉਤ ਭੁਜ ਮਰਨ ਵਾਲੇ ਪਰਵਾਨੇ ਅਸਲੀ ਜਰਨੈਲੀ ਦੀਆਂ ਉਚ ਪਦਵੀਆਂ ਪਾਉਣਗੇ। ਸੋ ਮੇਰੇ ਪਿਆਰੇ ਧਰਮ ਬੀਰੋ : ਭਲਕ ਨੂੰ ਜੋ ਘਟਨਾਵਾਂ ਏਥੇ ਵਾਪਰਨੀਆਂ ਹਨ, ਤੱਕ ਕੇ ਤੇ ਪਿਛੋਂ ਮੂੰਹੋਂ ਮੂੰਹ ਸੁਣ ਸੁਣ ਕੇ ਦੁਨੀਆਂ ਨਿਤ ਮੂੰਹ ਉਗਲਾਂ ਪਾਇਆ ਕਰੇਗੀ।

ਤੁਹਾਨੂੰ ਦ੍ਰਿੜਾਇਆ ਗਿਆ ਹੈ '*ਜਬ ਆਵ ਕੀ ਅਉਧ ਨਿਦਾਨ ਬਣੈ ਅਤ ਹੀ ਰਣ ਮੈ ਤਬ ਜੂਝ ਮਰੋ* ਦੇ ਸ਼ੁਭ ਕਾਰਜ ਲਈ ਸਮੇਂ ਅਤੇ ਅਸਥਾਨ ਦੀ ਚੋਣ ਅਕਾਲ ਪੁਰਖ ਦੀ ਰਜ਼ਾ ਵਿਚ ਹੋਈ ਹੈ।'' ਦਸਮੇਸ਼ ਪਿਤਾ ਜੀ, ਤੁਸੀਂ ਧੰਨ ਹੋ । ਤੁਸੀਂ ਧੰਨ ਹੋ ॥'' ਚਹੁੰ ਪਹਿਰਾਂ ਪਿਛੋਂ ਸਾਨੂੰ ਸ਼ਹੀਦੀ ਮਰਤਬੇ ਮਿਲਣਗੇ'' ਇਹ ਚਾਅ ਸੀਨਿਆਂ ਵਿਚ ਸਮਾ ਨਾ ਸਕ੍ਰਿਆ। ਅਖਾਂ ਖੁਸ਼ੀ ਨਾਲ ਚਮਕ ਉਠੀਆਂ ਤੇ ਚਿਹਰੇ ਦਮ ਦਮ ਕਰਨ ਲਗੇ।

ਆਹਿਸਤਾ ਆਹਿਸਤਾ ਸੂਰਜ ਪਛਮ ਨੂੰ ਲਾਲ ਸੁਰਖ ਕਰਕੇ ਅਨ੍ਹੇਰੇ ਦੀ ਕਾਲੀ ਬੁਕਲ ਵਿਚ ਲੁਕ ਗਿਆ। ਗੁਰਦੇਵ ਦੋਵੇ ਵੱਡੇ ਸਾਹਿਬਜ਼ਾਦੇ ਤੇ ਸੰਗਤ ਸਿੰਘ ਚੁਬਾਰੇ ਵਿਚ ਚਲੇ ਗਏ। ਸਿੰਘਾਂ ਆਪਣੇ ਟਿਕਾਣੇ ਜਾ ਮਲੇ। ਥਕੇਵੇਂ ਤੇ ਉਨੀਦੇ ਨੇ ਕਈਆਂ ਨੂੰ ਢਾਹ ਲਿਆ। ਸਾਹਿਬਜ਼ਾਦੇ ਬੇਫਿਕਰੀ ਨਾਲ ਭੁੰਜੇ ਹੀ ਸੌਂ ਗਏ। ਲੇਫ ਤਲਾਈਆਂ ਕਿਥੋਂ? ਏਨਾਂ ਹੀ ਕਾਫ਼ੀ ਸੀ ਕਿ ਕਲ ਰਾਤ ਦੇ ਭਿੱਜੇ ਗਲ ਦੇ ਕੱਪੜੇ ਸੁੱਕ ਗਏ ਸਨ। ਬੜੀ ਹੀ ਬੇ ਸਰੋ ਸਾਮਾਨੀ ਦੀ ਹਾਲਤ। ਨਾ ਕੁਝ ਹੇਠ ਨਾ ਉਤੇ ਲੈਣ ਨੂੰ। ਫਿਰ ਵੀ ਕਈ ਨੀਂਦ ਤੋਂ ਢਾਹ ਖਾ ਗਏ। ਜੇ ਕੋਈ ਸਾਰੀ ਰਾਤ ਨਹੀਂ ਸੁਤਾ ਤਾਂ ਉਹ ਸਨ ਕਲਗੀਧਰ ਸਾਰੀ ਰਾਤ ਵਾਹਿਗੁਰੂ ਦੇ ਸਿਮਰਨ ਤੇ ਸ਼ੁਕਰਾਨੇ ਵਿਚ ਗੁਜ਼ਾਰੀ। ਉਠ ਕੇ ਬਾਹਰ ਵੀ ਕਿਤੇ ਕਿਤੇ ਚੱਕਰ ਲਾਉਂਦੇ ਰਹੇ। ਜੋ ਨਜ਼ਾਰੇ ਤੱਕੇ ਮਿਰਜਾ ਅੱਲਾ ਯਾਰ ਖਾਨ ਜੋਗੀ ਜੀ ਨੇ ਬੜਾ ਸੋਹਣਾ ਕਲਮਬੰਦ ਕੀਤਾ ਹੈ-

ਜਬ ਡੇਢ ਘੜੀ ਰਾਤ ਗਈ ਜ਼ਿਕਰਿ-ਖ਼ੁਦਾ ਮੇਂ ਖ਼ੈਮੇਂ ਸੇ ਨਿਕਲ ਆਏ ਸਕਾਰ ਹਵਾ ਮੇਂ।<br>
ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਥਾ ਦੁਆ ਮੇਂ। ਬੋਲੇ ''ਯਾ ਖ਼ੁਦਾ ਹੁੰਦਾ ਹੂੰ ਖੁਸ਼ ਤੇਰੀ ਰਜ਼ਾ ਮੇਂ''<br>
ਕਰਤਾਰ ਸੇ ਕਹਿਤੇ ਥੇ ਗੱਜਾ ਰੂ-ਬ-ਰੂ ਹੋ ਕਰ। ਕੱਲ ਜਾਉਂਗਾ ਚਮਕੌਰ ਸੇ ਮੈਂ ਸੁਰਖਰੂ ਹੋ ਕਰ।<br>
ਮੈਂ ਤੇਰਾ ਹੂ, ਬੱਚੇ ਭੀ ਮੇਰੇ ਤੇਰੇ ਹੈ ਮੌਲਾ। ਥੇ ਤੇਰੇ ਹੀ, ਹੈਂ ਤੇਰੇ, ਰਹੇਂਗੇ ਤੇਰੇ ਦਾਤਾ।<br>
ਜਿਸ ਹਾਲ ਮੇਂ ਰਖੇ ਤੂ, ਵੁਹੀ ਹਾਲ ਹੈ ਅੱਛਾ। ਜੁਜ਼ ਸ਼ੁਕਰ ਕੇ ਆਨੇ ਕਾ ਜ਼ੁਬਾਂ ਪ੍ਰ ਨਹੀਂ ਸ਼ਿਕਵਾ।<br>
ਲੇਟੇ ਹੂਏ ਹੈਂ ਖਾਲਸਾ ਜੀ ਅੰਜ ਜਮੀਂ ਪਰਕਿਸ ਤਰਹ ਸੇ ਚੈਨ ਆਏ ਹਮੇਂ ਸ਼ਾਹਿ-ਨਸ਼ੀ ਪਰ

1.ਜੁਜ਼= ਸਵਾਏ, ਬਿਨਾ, 2.ਸ਼ਿਕਵਾ= ਗਿਲਾ ਨਿਹੋਰਾ। 3.ਸ਼ਾਹਿ-ਨਸ਼ੀਂ= ਬਾਦਸ਼ਾਹ ਦੇ ਬੈਠਨ ਦੀ ਥਾਂ, ਗੁਦੇਲੀ ਸਟੇਜ, ਕੂਲਾ ਬਿਸਤਰਾ।

ਨੋਟ- 7 ਪੋਹ ਦੀ ਰਾਤ ਕਟਣ ਲਈ ਸਿੰਘਾਂ ਇਹ ਤੱਕ ਕੇ ਕਿ ਗੁਰਦੇਵ ਪਿਛਲੇ ਤਿੰਨ ਦਿਨਾਂ ਤੋਂ ਸੌਂ ਨਹੀਂ ਸਕੇ। ਆਪਣੇ ਉਤੇ ਦੇ ਕੁਝ ਕਪੜੇ ਇੱਕਠੇ ਕਰ ਕੇ ਉਨ੍ਹਾਂ ਲਈ ਬਿਸਤਰਾ ਜਿਹਾ ਬਣਾ ਕਰ ਕੇ ਵਿਛਾ ਦਿਤਾ। ਪਰ ਆਪ ਸਾਰੀ ਰਾਤ ਉਸ ਤੇ ਲੰਮੇਂ ਨਹੀਂ ਸਨ ਪਏ। ਬੈਠਕੇ ਸਿਮਰਨ ਤੇ ਸ਼ੁਕਰਾਨਾ ਕਰਦੇ ਰਹੇ ਤੇ ਕਿਤੇ ਕਿਤੇ ਬਾਹਰ ਜਾ ਕੇ ਵੀ ਤਕਦੇ ਰਹੇ । ਸਿੰਘਾਂ ਨੂੰ ਭੁੰਜੇ ਵੇਖ ਕੇ ਉਹ ਕੂਲੇ ਬਿਸਤਰੇ ਤੇ ਕਿਵੇਂ ਪੈਂਦੇ। ਇਹ ਸਾਰ ਸ਼ਾਹਿਨਸ਼ੀ ਸ਼ਬਦ ਵਲ ਇਸ਼ਾਰਾ ਹੈ।


www.AKJ.Org

੧੯ਯਿਹ ਕਹਿਕਰ ਗੁਰੂ ਨੂੰ ਲਸ਼ਕਰਿ ਮੁਫਤਾ ਮੇਂ ਦਰ ਆਏ। ਪਹਿਰੇ ਪਿ ਜਵਾਂ ਊਂਘਤੇ ਅਕਸਰ ਨਜ਼ਰ ਆਏ।
ਯੂੰ ਹਰ ਜਗ੍ਹਾ ਖਾਮੋਸ਼ ਗਏ ਬੇ ਖਬਰ ਆਏ। ਸੋਏ ਹੂਏ ਬੱਚੇ ਕੇ ਕਰੀਂ ਜੂ ਪਿਦਰ ਆਏ।
ਗਰਜ਼ਿ ਕਿ ਦਬੇ ਪਾਉਂ ਟਹਿਲਨੇ ਲਗੇ ਸਤਿਗੁਰ। ਭਗਤੀ ਸੇ ਮੁਰੀਦੋਂ ਕੀ ਬਹਿਲਨੇ ਲਗੇ ਸਤਿਗੁਰ
1.ਖੁਫ਼ਤਾ= ਸੁਤੇ ਹੋਏ ਲਸ਼ਕਰ ਵਿਚ। ੨.ਕਰੀਂ= ਨੇੜੇ 3.ਪਿਦਰ= ਪਿਤਾ, ਬਾਪੂ, 4.ਬਹਿਲਨੇ= ਪਰਚਨ
15ਜਿਨ ਸਿੰਘੋਂ ਨੇ ਕਲ ਮੌਤਕੇ ਸਾਹਿਲੇ ਥਾ ਉਤਰਨਾ। ਕਲ ਸੁਬਹ ਥਾ ਜਿਨ ਖਾਲਸੋਂ ਨੇ ਜੰਗ ਮੇਂ ਮਰਨਾ।
ਬਾਲੀਂ ਸੇ ਸ਼ਹੀਦੋਂ ਕੇ ਹੂਆ ਜਬਕਿ ਗੁਜ਼ਰਨਾਂ। ਮੁਸ਼ਕਲ ਹੂਆ ਇਸ ਜਾ ਸੇ੍ ਕਦਮ ਆਗੇ ਧਰਨਾ।
ਚੂਮਾਂ ਕਭੀ ਹਲਕੂਮ, ਦਹਨ* ਚੂਮਨੇ ਬੈਠੇ। ਜਬ ਪਾਂਇਤੀ ਆਏ ਤੌਂ ਚਰਨ ਚੂਮਨੇ ਬੈਠੇ।
1.ਸਾਹਿਲ= ਕਿਨਾਰਾ, ਕੰਢਾ। ੨.ਬਾਲੀਂ= ਸਿਰਹਾਣਾ। 3.ਹਲਕੂਮ= ਗਲ, ਘੰਡੀ, ਸ਼ਾਹਰਗ 4.ਦਹਨ= ਮੂੰਹ।
5.ਪਾਇੰਤੀ= ਪੈਰਾ ਵਲ, ਪੈਦ ਵਾਲੇ ਪਾਸੇ।
੨੨ਕਿਸ ਗਬਰ ਗੇ ਹਰ ਏਕ ਕੜੀ ਤੂ ਨੇ ਉਠਾਈ। ਕਿਸ ਸ਼ੁਕਰ ਸੇ ਹਰ ਚੋਟ ਕਲੇਜੇ ਪਿ ਹੈ ਖਾਈ।
ਵਾਲਦ ਕੋ ਕਟਾਇਆ, ਕਭੀ ਔਲਾਦ ਕਟਾਈ। ਕੀ ਫਿਕਰ ਮੇਂ ਫ਼ਾਕੇ ਮੇਂ, ਹਜ਼ਾਰੋਂ ਸੇ ਲੜਾਈ।
ਹਿੰਮਤ ਸੇ ਤਿਰੀ ਸਭ ਕੇ ਸਲਾਂਤੀ ਲਰਜ਼ਤੇ ਜੁਰਅਤਿ ਸੇ ਤਿਹੀ ਲੋਗ ਥੇ ਤਾਚੀਨ ਲਜ਼ਰਤੇ।
1.ਸਲਾਤੀਂ= ਸੁਲਤਾਨ ਦਾ ਬਹੁ ਵਚਨ ਸਲਾਤੀਨ, ਪਿਛਲਾ ਨੰਨਾਂ ਛਡ ਦਿੱਤਾ ਹੈ। ੨.ਤਾ= ਤਕ,
ਤਾਚੀਨ= ਚੀਨ ਤਕ
੨3ਆਦਾਂ ਨੇ ਕਭੀ ਤੁਝ ਕੋ ਸੰਭਲਨੇ ਨਾ ਦੀਆ ਥਾ ਆਰਾਮ ਸੇ ਪਹਿਲੂ ਕੋ ਬਲਨੇ ਨਾ ਦੀਆ ਥਾ
ਗੁਲਸ਼ਨ ਕੋ ਤੇਰੇ ਫੂਲਨੇ ਫਲਨੇ ਨਾ ਦੀਆ ਥਾ ਕਾਂਟਾਂ ਦਿਲਿ ਪਰ ਖੂੰ ਸੇ ਨਿਕਲਨੇ ਨਾ ਦੀਆ ਥਾ
ਜਿਸ ਰਣ ਮੇਂ ਲੜਾ ਬੇਸਰ ਸਾਮਾਨ ਲੜਾ ਸੌ ਸਿੰਘ ਲੀਏ ਲਾਖੋਂ ਪਿਜਾ ਜਾ ਕੇ ਪੜਾ
1.ਆੱਦਾਂ= ਵੈਰੀਆਂ (ਨੇ) ੨.ਦਿਲਿ ਪੁਰਖੂੰ= ਰਤ-ਵਿਰਤਾ ਦਿਲ, ਲਹੂ ਲੁਹਾਨ ਦਿਲ।

"ਗੰਜਿ-ਸ਼ਹੀਦਾਂ "ਅਰਥਾਤ ਸਾਕਾ ਚਮਕੌਰ ਸਾਹਿਬ ਵਿਚੋਂ ਜੋ ਹਕੀਮ ਮਿਰਜਾ ਅਲਹ ਯਾਰ ਖਾਨ ਜੋਗੀ "ਨੈਸ਼ਨਲ ਪੋਇਟ" ਦੀ ਰਚਨਾ ਹੈ। ਸਫ਼ਾ 6,7,10.

## ਚਮਕੌਰ ਦਾ ਘਨਘੋਰ ਯੁਧ

8 ਪੋਹ ਦਾ ਸੂਰਜ ਅਜੇ ਪੂਰਬ ਵਲ ਅਪਣੀ ਲਾਲੀ ਹੀ ਉਛਾਲ ਰਿਹਾ ਸੀ ਜਦ ਪਹਾੜੀ ਰਾਜਿਆ, ਮੁਗਲੀਆ ਸੂਬੇ ਦਾਰਾਂ ਤੇ ਨਵਾਬਾਂ ਦੀਆਂ ਰਲਵੀਆਂ ਫੌਜਾਂ ਯਾ ਅਲੀ, "ਜੈ ਮਾਤਾ ਦੀ" ਦੇ ਨਾਅਰੇ ਲਾਕੇ ਗੜ੍ਹੀ ਉਤੇ ਇੰਜ ਹੱਲਾ ਬੋਲਿਆਂ ਜਿਵੇਂ ਹੱਥਾਂ ਨਾਲ ਹੀ ਕੰਧਾ ਧੂਅ ਕੇ ਹੇਠ ਸੁੱਟ ਅੰਦਰਲਿਆਂ ਨੂੰ ਹੱਥੋਂ ਹੱਥੀ ਫੜਕੇ ਛਿਨ ਭੰਗਰ ਵਿਚ ਹੀ ਲੜਾਈ ਦਾ ਟੈਂਟਾ ਮੁਕਾ ਦੇਣਾ ਹੈ। ਉਨ੍ਹਾਂ ਨੂੰ ਹਥਿਆਰ ਫੜਕੇ ਸੰਭਲਨ ਹੀ ਨਹੀਂ ਦੇਣਾ ਥਾਉਂ ਥਾਉਂ ਮੋਰਚੇ ਮੱਲੀ ਸਿੰਘ ਤਾਂ ਇਸ ਪਲ ਨੂੰ ਉਡੀਕ ਰਹੇ ਸਨ। ਤੀਰਾਂ ਤੁਫੰਗ ਦੀ ਨਿਸ਼ਾਨੇ ਬੰਨ੍ਹ ਕੇ ਐਸੀ ਜ਼ੋਰ ਦੀ ਬਾੜ੍ਹ ਮਾਰੀ ਕਿ ਅਗਲੀਆਂ ਸਫਾਂ ਦੇ ਸੱਥਰ ਵਿਛ ਗਏ। ਬਹੁਤੇ ਤਾਂ ਥਾਂ ਹੀ ਰਹੇ, ਜੰਨਤ ਦੇ ਚਾਹਵਾਨ ਘਾਇਲ ਗਾਜ਼ੀਆਂ ਦੀ ਪੀੜ ਨਾਲ ਹਾਲ ਪਾਹਰਿਆ, ਮਰ ਗਏ, ਬਚਾਉ, ਹੈ ਪਾਣੀ ਪਾਣੀ ਦੀਆਂ ਕੂਕਾਂ। ਦੂਜੇ ਤੇ ਤੀਜੇ ਹਮਲੇ ਵਾਲਿਆਂ ਦਾ ਵੀ ਐਸਾ ਹੀ ਹਾਲ ਹੋਇਆ। ਯਾ ਅਲੀ ਦੇ ਨਾਅਰੇ। ਅੰਦਰੋਂ ਸ਼ੂਕਦੇ ਆਉਂਦੇ ਤੀਰ, ਬੰਦੂਕਾਂ ਦਗਣ ਦੀ ਕਾੜ੍ਹ ਕਾੜ੍ਹ ਦੀ ਆਵਾਜ਼ ਬਾਹਰਲਿਆਂ ਦੀ ਫੜ ਲਉ ਫੜ ਲਉ। ਜ਼ਖਮੀ ਹੋ ਕੇ ਤੜਫ ਰਹਿਆਂ ਦੀਆਂ ਚੀਕਾਂ ਤੇ ਹਾਏ ਹਾਏ। ਬਹੁੜੀਂ ਕੋਈ ਪਾਣੀ ਪਿਆਉ। ਭਾਈ ਘਨਈਆਂ ਕਿਥੋਂ ਪਾਣੀ ਦੀਆਂ ਮਸ਼ਕਾ ਲੈ ਕੇ ਬਹੁੜੇ। ਅਨੰਦਪੁਰ ਸਾਹਿਬ ਦੇ ਘੇਰੇ ਸਮੇਂ ਦੀਆ ਲੜਾਈਆਂ ਵਿਚ ਮੁਤਅਸਬੀ ਮੁਗਲ ਸੂਰਮਿਆ ਨੇ ਹੱਥੀਂ ਸ਼ਹੀਦ ਕਰ ਦਿੱਤਾ ਸੀ। ਹੁਣ ਘਾਇਲਾਂ ਨੂੰ ਪਾਣੀ ਤੇ ਮਰਹਮ ਕੌਣ ਲਿਆ ਕੇ ਦੇਵੇ। ਹਵੇਲੀ ਦੇ ਚੁਫੇਰੇ ਲਾਸ਼ ਤੇ ਲਾਸ਼, ਉਠ ਉਠ ਡਿਗਦੇ, ਤੇ ਲੁਫਦੇ ਫਟੜਾਂ ਦੇ ਲਹੂ-ਉ-ਲੁਹਾਨ ਸਰੀਰ। ਅਨੋਖਾ ਦ੍ਰਿਸ਼ ਤਿੰਨ ਹੱਲਿਆਂ ਵਿਚ ਜੋ ਗੱਤ ਬਣੀ ਮੁੜ ਚੌਥੇ ਦਾ ਹੀਆ ਨਾ ਪਿਆ। ਲਾਸ਼ਾਂ ਤਾਂ ਲਾਸ਼ਾ ਸਨ ਜ਼ਖਮੀਆਂ ਨੂੰ 'ਪਿਛਾਂਹ ਖਿਚ-ਧੂ ਜਾਂ ਚੁਕ ਲੈ ਜਾਣ ਲਈ ਕਿਸੇ ਦਾ ਜੇਰਾ ਨਾ ਪਵੇ। ਅਜਮੇਰ ਚੰਦ ਤੇ ਦੂਜ ਪਹਾੜੀ ਰਾਜਿਆਂ ਬਤੇਰੀ ਹਲਾ ਸ਼ੇਰੀ ਦਿੱਤੀ ਪਰ ਕੋਈ ਅਸਰ ਨਾ ਹੋਇਆ। ਸੂਬਾ ਸਰਹੰਦ ਜੋ ਆਪ ਘੋੜੇ ਤੇ ਚੜਕੇ ਇਕ ਉਚੇ ਟੀਲੇ ਤੋਂ ਇਹ ਸਾਰਾ ਨਜ਼ਾਰਾ ਵੇਖ ਰਿਹਾ ਸੀ, ਫੌਜਦਾਰਾਂ ਨੂੰ


www.AKJ.Org

ਲਲਕਾਰਦਾ ਰਿਹਾ, ਪਰ ਹਵੇਲੀ ਜਿਥੋਂ ਜਨੱਤ ਦੇ ਪਰਵਾਨਾ ਰਾਹਦਾਰੀ ਮਿਲ ਰਹੇ ਸਨ, ਵੱਲ ਕੋਈ ਮੂੰਹ ਨਾ ਕਰੇ। ਲਅਨਤ ਫਟਕਾਰ ਤੇ ਧਮਕੀਆਂ ਦੇ ਅਸਰ ਹੇਠ ਜੋ ਵਧੇ ਤੀਰਾਂ ਬੰਦੂਕਾਂ ਦੀ ਮਾਰ ਤੋਂ ਡਰਦੇ ਪਿਛਾਂਹ ਹੀ ਪੈਰ ਗੱਡ ਕੇ ਧਰੂ ਤਾਰੇ ਵਾਂਗ ਅਹਿਲ ਖਲੋ ਜਾਣ। ਹਾਂ ਹਾਕਿਮਾਂ ਨੂੰ ਖ਼ੁਸ਼ ਕਰਨ ਲਈ ਜੈ ਮਹਾਂ ਮਾਈ, ਜੈ ਦੁਰਗਾ ਮਾਤਾ, ਯਾ ਅਲੀ ਦੇ ਨਾਅਰੇ ਤਾਂ ਮਾਰਨ, ਪਰ ਅੱਗੇ ਕੋਈ ਨਾ ਵਧੇ। ਪਹਿਲਿਆਂ ਦਾ ਜੋ ਹਸ਼ਰ ਹੋਇਆ, ਅੱਖਾਂ ਸਾਮ੍ਹਣੇ ਸੀ। ਫਿਰ ਇਹ ਵੀ ਸਲਾਹ ਹੋਈ ਕਿ ਘੇਰਾ ਘਤੀ ਰਖੋ। ਅੰਦਰ ਖਾਣ ਨੂੰ ਕੀ ਹੈ? ਘੇਰ ਕੇ ਭੁਖੇ ਤਿਹਾਏ ਹੀ ਮਾਰ ਦਿਉ। ਜਿੰਨੇ ਮੂੰਹ ਓਨੀਆਂ ਰਾਵਾ ਤੇ ਦਲੀਲਾਂ। ਵਜ਼ੀਰ ਖਾਨ ਵਾਰ ਵਾਰ ਕਹੇ ਕਿ ਅਗੇ ਵਧਕੇ ਦਰਵਾਜਾ ਭੰਨੋਂ ਅੰਦਰਲਿਆਂ ਮੁੱਠੀ ਭਰ ਨੂੰ ਹੱਥੀਂ ਫੜ ਲਉ। ਵਰਮੀ 'ਚੋ ਨਾਗ ਤੇ ਘੋਰਨੇ 'ਚ ਵੜਕੇ ਸ਼ੇਰਾਂ ਨੂੰ ਫੜਨਾ ਸੋਖਾ ਨਹੀਂ ਹੁੰਦਾ ਆਣਆਈ ਮੌਤ ਮਰਨ ਸਮਾਨ ਹੈ। ਭਾੜੇ ਦੇ ਟੱਟੂ ਤੇ ਬਚ ਬਚ ਕੇ ਲੜਨ ਵਾਲੇ ਉਨ੍ਹਾਂ ਨਾਲ ਕੀ ਲੋਹਾ ਲੈ ਸਕਦੇ ਸਨ ਜੋ ਆਪਣੇ ਪਿਆਰੇ ਸਤਿਗੁਰੂ ਦੀਆਂ ਅੱਖਾਂ ਸਾਹਮਣੇ ਸ਼ਹੀਦ ਹੋਣ ਦੀਆਂ ਉਮੰਗਾ ਤੇ ਸਿਰੋ ਦੇ ਚਾਅ ਹਿਰਦਿਆਂ ਵਿਚ ਪਾਲੀ ਬੈਠੇ ਸਨ। ਜਿਨ੍ਹਾਂ ਆਪਣਾ ਜੀਵਨ ਹੀ ਮੁਰਸ਼ਦ ਦੇ ਲੇਖੇ ਲਾਇਆ ਸੀ ਉਨ੍ਹਾਂ ਸੂਰਬੀਰਾਂ ਨੂੰ ਮੌਤ ਦਾ ਕਾਹਦਾ ਭੈਅ।

ਹਵੇਲੀ ਭਾਵੇ ਕੱਚੀ ਹੀ ਸੀ, ਇਸ ਦੀਆਂ ਉਚੀਆਂ ਕੰਧਾਂ ਤੇ ਬਨੇਰਿਆਂ ਨੇ ਅੰਦਰਲਿਆਂ ਦਾ ਬੜਾ ਬਚਾ ਕੀਤਾ। ਇਹੋ ਕਾਰਨ ਸੀ ਕਿ ਹਮਲਾਵਰ ਹਰ ਵਾਰ ਡਾਢਾ ਨੁਕਸਾਨ ਕਰਵਾ ਕੇ ਪਿਛੇ ਹਟਦੇ ਰਹੇ, ਹਵੇਲੀ ਅੰਦਰਲੇ ਵੈਰੀ ਦੇ ਤੀਰਾਂ ਗੋਲੀਆਂ ਤੋਂ ਬਚੇ ਰਹੇ। ਕੱਲ ਸ਼ਾਮ ਦੀ ਵਰਖਾ ਥਮ ਚੁਕੀ ਸੀ। ਬੱਦਲ ਕੁਝ ਕੁ ਛਟੇ, ਪਤਲੇ ਹੋਏ ਸੂਰਜ ਦੇਵਤੇ ਨੇ ਥੋੜੇ ਜਿਹੇ ਸਮੇਂ ਲਈ ਦਰਸ਼ਨ ਦੇ ਕੇ ਫਿਰ ਮੂੰਹ ਛੁਪਾ ਲਿਆ। ਦਿੱਲੀ ਵਾਲਾ ਟਿੱਡੀ ਦਲ ਵਰਗਾ ਸ਼ਾਹੀ ਲਸ਼ਕਰ ਆਣ ਪੁੱਜਾ:-

ਤੂਫਾਨ ਆਉਣ ਤੋਂ ਪਹਿਲਾਂ ਮੱਠੇ ਮੱਠੇ ਬੁਲੇ ਆਇਆ ਕਰਦੇ ਹਨ। ਇਨ੍ਹਾਂ ਬੁਲਿਆਂ ਵਾਂਗ ਆ ਰਹੀ ਦਿੱਲੀ ਵਾਲੀ ਸ਼ਾਹੀ ਫ਼ੌਜ਼ ਦਾ ਹਰਾਵਲ ਦਸਤਾ ਪੁੱਜ ਗਿਆ। ਫਿਰ ਕੁਝ ਕੁ ਦੇਰੀ ਪਿਛੋਂ ਸ਼ਾਹੀ ਲਸ਼ਕਰ, ਨਵਾਬਾਂ ਦੇ ਫ਼ੌਜਦਾਰਾਂ, ਚੌਧ੍ਰੀਆਂ ਦੇ ਪਾਲਤੂ ਟੋਲੇ ਅਤੇ ਬੇਓੜਕ ਮੁਲਖਈਆਂ ਤੂਫਾਨ ਦੇ ਵੇਗ ਵਾਂਗ ਨਗਾਰਿਆਂ ਦੀ ਧਊ ਧਊ ਤੇ ਢੋਲਾਂ ਦੀ ਦੈਂਘੜ ਦੈਂਘੜ ਦੀ ਆਵਾਜ਼ ਨਾਲ ਆਸਮਾਨ ਸਿਰ ਤੇ ਚੁੱਕੀ ਆਣ ਲੱਥਾ। ਇੰਜ ਲੱਗ ਰਿਹਾ ਸੀ ਜਿਵੇਂ ਹਵੇਲੀ ਦੇ ਉਦਾਲੇ ਸਿਰਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਤੇ ਕੱਚੀ ਹਵੇਲੀ ਉਸ ਵਿਚ ਕਿਸ਼ਤੀ ਵਾਂਗ ਤਰ ਰਹੀ ਹੈ। ਘੋੜਿਆਂ ਦੀ ਹਿਣ ਹਣਾਟ, ਊਠਾਂ, ਹਾਥੀਆਂ ਦੀਆਂ ਚਿਘਿਆੜਾਂ ਕਾਰਨ ਕੰਨ ਪਈ ਆਵਾਜ਼ ਨਾ ਸੁਣੇ। ਹਵੇਲੀ ਅੰਦਰ ਦਸ਼ਮੇਸ਼ ਜੀ ਤੇ ਸਿੰਘਾਂ ਦਿਆਂ ਘੋੜਿਆਂ ਓਸੇ ਤਰ੍ਹਾਂ ਅੰਦਰੋਂ ਵੰਗਾਰਿਆ। ਦਿੱਲੀ ਵਾਲਾ ਲਾਮ ਲਸ਼ਕਰ ਨਾਹਰ ਖਾਂਨ ਦੇ ਖਵਾਜਾ ਖ਼ਿਜ਼ਰ ਖਾਂਨ ਦੀ ਕਮਾਨ ਥੱਲੇ ਗੁਰਦੇਵ ਦੇ ਵਿਰੁਧ ਵਜ਼ੀਰ ਖਾਂਨ ਦੀ ਸਹਾਇਤਾ ਲਈ ਆਇਆ ਸੀ। ਇਸ ਮੁਹਿੰਮ ਦੀ ਸਾਰੀ ਜ਼ਿੰਮੇਵਾਰੀ ਵਜ਼ੀਰ ਖਾਂਨ, ਸੂਬਾ ਸਰਹੰਦ ਦੇ ਸਿਰ ਸੀ, ਫ਼ੌਜ਼ ਵਿਚ ਸਮੇਂ ਦੇ ਬੜੇ ਨਾਮਵਰ ਫ਼ੌਜਦਾਰ ਤੇ ਜਰਨੈਲ ਸਨ ਜਿਨ੍ਹਾਂ ਦੇ ਨਾਂਉ ਇਸ ਪਰਕਾਰ ਹਨ:- ਨਾਹਰ ਖਾਂਨ (ਮਲੇਰਕੋਟਲਾ ਵਾਲੇ ਸ਼ੇਰ ਮੁਹੰਮਦ ਦਾ ਭਰਾ) ਖਵਾਜਾ ਖ਼ਿਜ਼ਰ ਖਾਂਨ, ਗ਼ੈਰਤ ਖਾਂਨ, ਉਸਮਾਨ ਖਾਨ, ਹੈਬਤ ਖਾਨ, ਇਸਮਾਈਲ ਖਾਨ, ਸੁਲਤਾਨ ਖਾਨ, ਗੁਲਬੇਗ ਖਾਨ, ਸੈਦ ਖਾਨ(ਸਯਾਦ ਖਾਨ), ਨਜੀਵ ਖਾਨ, ਵਜੀਰ ਖਾਨ, ਮੀਆਂ ਖਾਨ, ਦਿਲਾਵਰ ਖਾਨ, ਜ਼ਬਰਦਸਤ ਖਾਨ ਅਤੇ ਰੁਸਤਮ ਖਾਨ ਆਦਿ। ਇਹ ਨਾਮੀ ਤਿੰਨ ਹਜ਼ਾਰੀ, ਪੰਜ ਹਜ਼ਾਰੀ, ਸੱਤ ਹਜ਼ਾਰੀ ਸੂਰਮੇ ਤੇ ਨਾਲ ਤਿੰਨ ਨਾਜ਼ਮ।

ਜ਼ਰਾ ਗੌਰ ਨਾਲ ਵੇਖਿਆ ਜਾਵੇ। ਹਵੇਲੀ ਦੇ ਉਦਾਲੇ, ਚਮਕੌਰ ਦੇ ਚੁਫੇਰੇ ਜਨਤ ਤੇ ਹੂਰਾਂ ਦਾ ਚਾਹਵਾਨ ਤੁਰਕਾਨੀ ਲਸ਼ਕਰ, ਰੰਘੜ ਗੁਜੱਰ ਪਠਾਣ, ਝਿਊਰ, ਮੋਚੀ ਸੱਕੇ ਤੇਲੀ ਜਿਨ੍ਹਾਂ ਨੂੰ ਮੌਲਵੀ, ਮੁਫ਼ਤੀਆਂ ਤੇ 70 70 ਹੂਰਾਂ ਦੇ ਲਾਰੇ ਨਾਲ ਤੇ ਦੀਨ ਇਸਲਾਮ ਦੀ ਭਲਾਈ ਲਈ ਜਹਾਦ(ਧਰਮ ਯੁੱਧ) ਕਰਕੇ ਸਾਵਾਬ ਹਾਸਲ ਕਰਨ ਦੀਆਂ ਫਲ੍ਹਾਉਣੀਆਂ ਦੇ ਦੇ ਕੇ ਮਛਰਾ ਤੇ ਭੂਏ ਚੜ੍ਹਾ ਕੇ ਨਾਲ ਲਿਆ ਸ਼ਾਮਲ ਕੀਤਾ, ਜੋ ਗਿਣਤੀਉਂ ਬਾਹਰ ਸੀ। ਸੱਤਾਂ ਅੱਠਾਂ ਦੇ ਗੁਜਾਰੇ ਲਈ ਘਰਾਂ ਤੋਂ ਗੁੜ-ਭੁਜੇ ਦਾਣੇ ਅਤੇ ਚੂਰਮੇ ਕੁੱਟ ਕੇ ਨਾਲ ਪੱਲੇ ਬੱਧੇ ਸਨ। ਫਿਰ ਬੇਹਿਸਾਬ ਸ਼ਾਹੀ ਲਸ਼ਕਰ, ਵਧੀਆ ਤੋਂ ਵਧੀਆ ਹਥਿਆਰ, ਤਾਕਤਵਾਰ ਘੋੜੇ ਤੇ ਊਠ, ਹਾਥੀ। ਕੋਈ ਕਸਰ ਬਾਕੀ ਨਹੀਂ ਸੀ ਰਹੀ।

ਫੇਰ ਸਭ ਤੋਂ ਵੱਧ ਇਹ ਕਿ ਸਦੀਆਂ ਤੋਂ ਪੁਸ਼ਤਦਰ ਪੁਸ਼ਤ ਸਿਰਾਂ ਤੇ ਗੁਲਾਮੀ ਹੰਢਾਉਣ ਵਾਲੇ ਝੂਠੇ, ਨਮਕ ਹਰਾਮ, ਅਕਿਰਤਘਣ, ਬੇਅਣਖੇ ਤੇ ਬੇਸ਼ਰਮ ਤੇ ਬੇਹਯਾ ਜ਼ਲੀਲ ਪਹਾੜੀ ਰਾਜੇ, ਦਲਾਂ ਸਮੇਤ ਆਪਣੇ ਆਕਾ ਔਰੰਗਜੇਬ ਦੇ ਖ਼ਾਨਦਾਨ ਦੀ ਸਦੀਵੀਂ ਗੁਲਾਮੀ ਦੇ ਸੰਗਲ ਆਪਣੇ ਤੇ ਆਪਣੀਆਂ ਆਉਣ ਵਾਲੀ ਨਸਲ ਦੇ ਗਲੀਂ ਪੀਢੇ ਪੱਕੇ ਕਰਨ ਲਈ ਤੇ ਮੁਗਲ ਸ਼ਹਿਨਸ਼ਾਹ ਦੀ ਖ਼ੁਸ਼ੀ ਪ੍ਰਾਪਤ ਕਰਕੇ ਨਾਮਣਾ ਖੱਟਣ ਲਈ ਵੱਡੀ ਗਿਣਤੀ ਵਿਚ ਨਾਲ ਸ਼ਾਮਲ। ਇਹ ਬਾਹਰ 10 ਲੱਖ ਤੇ ਅੰਦਰ ਟਾਕਰੇ ਲਈ ਸਭੋ 44 ਦੇਸ਼ ਧਰਮ ਤੋਂ ਕੁਰਬਾਨ ਹੋਣ ਵਾਲੇ ਜੋ ਥਕੇਵੇਂ, ਭੁਖ, ਤੇਹ ਤੇ ਨੀਂਦ ਨੇ ਚੂਰ ਕੀਤੇ ਸਨ। ਦੁਨੀਆ ਭਰ ਦੇ ਇਤਿਹਾਸ ਵਿਚ ਇਹ ਬੇਮਿਸਾਲ ਭੇੜ ਸੀ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ, ਪਰ ਐਸਾ ਫਿਰ ਕਦੇ ਨਹੀਂ ਦੁਹਰਾਇਆ ਗਿਆ ਤੇ ਨਾ ਦੁਹਰਾਇਆ ਹੀ ਜਾਵੇਗਾ।

ਔਰੰਗਜੇਬ ਨੂੰ ਦੀਨੇ ਕਾਂਗੜ ਤੋਂ ਲਿਖੀ ਚਿੱਠੀ (ਜ਼ਫਰਨਾਮਾ) ਵਿਚ ਇਸ ਗਿਣਤੀ ਵਲ ਇਸ਼ਰਾ ਕਰਤੇ ਹੋਏ ਆਪ ਫਰਮਾਉਂਦੇ ਹਨ-

"ਗੁਰਸਿਨਹ ਚਿਹ ਕਾਰੇ ਕੁਨਦ ਚਹਿਲ ਨਰ। ਕਿ ਦਹ ਲਕ ਬਰ ਆਂਇਦ ਬਰੋ ਬੇਖ਼ਬਰ। ਅਰਥਾਤ ਚਾਲੀ ਭੁਖੇ ਮਰਦ ਕੀ ਕਰਦੇ ਜਦ ਅਚਨਚੇਤ ਹੀ ਦਸ ਲਖ ਉਨ੍ਹਾਂ ਉਤੇ ਆ ਪਏ ਇਹ ਗੱਲ ਵਿਸ਼ੇਸ ਧਿਆਨ ਯੋਗ ਹੈ ਕਿ ਚਾਲੀਂ (ਚਹਿਲ ਨਰ) ਤੇ ਦਸ ਲੱਖ (ਦਹ ਲਕ) ਦੋਵੇਂ ਸ਼ਬਦ ਬੋਲ ਚਾਲ ਵਿਚ ਮੁਹਾਵਰੇ ਵਜੋਂ ਵਰਤੇ ਗਏ ਹਨ। ਇਨ੍ਹਾਂ ਦਾ ਅਰਥ ਭਾਵ ਅਟੇ ਸਟੇ ਗਿਣਤੀ ਦਸਣ ਤੋਂ ਹੈ। ਜਿਵੇਂ ਪਿਛੇ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਨਾਲ ਕੇਵਲ ਇਕਤਾਲੀ ਸਿੰਘ ਸਨ, ਦੋਵੇਂ ਵੱਡੇ ਸਾਹਿਬਜ਼ਾਦੇ ਤੇ 44ਵੇਂ ਦਸ਼ਮੇਸ਼ ਜੀ ਆਪ। ਸਾਰੇ ਦਿਨ ਦੀ ਲੜਾਈ ਵਿਚ 30 ਸਿੰਘ ਤੇ ਦੋਵੇਂ ਸਾਹਿਬਜ਼ਾਦੇ ਸ਼ਹੀਦ ਹੋਏ ਸਨ। ਹਵੇਲੀ 'ਚੋਂ ਨਿਕਲਣ ਸਮੇਂ ਸੱਤ ਸਿੰਘ ਤੇ ਅਠਵੇਂ ਭਾਈ ਸੰਗਤ ਸਿੰਘ ਜੀ ਪਿੱਛੇ ਰਹੇ ਜੋ ਅਗਲੇ ਦਿਨ ੭ ਪੋਹ ਵਾਲੇ ਦਿਨ ਸ਼ਹੀਦ ਹੋਏ। ਇਸ ਤਰ੍ਹਾਂ ੩੨+8=40 ਸਿੰਘ ਸ਼ਹੀਦ ਹੋਏ। ਤਿੰਨ ਸਿੰਘ (ਪਿਆਰਾ ਭਾਈ ਦਇਆ ਸਿੰਘ, ਪਿਆਰਾ ਭਾਈ ਧਰਮ ਸਿੰਘ, ਭਾਈ ਮਾਨ ਸਿੰਘ) ਗੁਰੂ ਮਾਹਰਾਜ ਨਾਲ ਸਹੀ ਸਲਾਮਤ ਚਮਕੌਰ ਵਿਚੋਂ ਨਿਕਲ ਗਏ ਸਨ। ਏਸ ਤਰ੍ਹਾਂ ਮੁਹਾਵਰੇ ਵਜੋਂ ਵਰਤੇ 'ਦਸ ਲੱਖ' ਸ਼ਬਦਾਂ ਦਾ ਅਰਥ ਕਈ ਲਖ ਹੈ। ਸਹੀ ਸਹੀ ਗਿਣਤੀ ਤਾਂ ਕਿਸੇ ਕੀਤੀ ਨਹੀਂ ਸੀ। ਇਹ ਗਿਣਤੀ ਰਹਿਤ ਬੇ ਓੜਕੀ ਫ਼ੌਜਾਂ ਤੇ ਮੁਲਖਈਆਂ ਖੂਹਣੀਆਂ ਦੀਆਂ ਪੂਹਣੀਆਂ ਤਕ ਪੁਜੇ ਹੋਏ ਸਨ। ਇਹ ਗਿਣਤੀ ਦੇ ਅਟੇ ਸਟੇ ਵਜੋਂ ਮੁਹਾਵਰੇ ਦੇ ਰੂਪ ਵਿਚ ਵਰਤਿਆ ਗਿਆ ਹੈ।

ਏਥੇ ਇਕ ਹਰ ਭੁਲੇਖਾ ਸਾਫ਼ ਕਰ ਦੇਣਾ ਜ਼ਰੂਰੀ ਸਮਝਦੈਂ। ਅਰਦਾਸ ਵਿਚ ਜਿਨ੍ਹਾਂ ਚਾਲੀ ਮੁਕਤਿਆਂ ਦਾ ਜਿਕਰ ਸੁਭਾ ਸ਼ਾਮ ਆਉਂਦਾ ਹੈ, ਉਹ ਚਮਕੌਰ ਸਾਹਿਬ ਵਾਲੇ ਏਹਾ ਚਾਲੀ ਮੁਕਤੇ ਹਨ। ਕਈਆਂ ਨੂੰ ਮੁਕਤਸਰ ਸਾਹਿਬ ਵਿਖੇ ਸ਼ਹੀਦ ਹੋਣ ਵਾਲਿਆਂ ਬਾਰੇ ਭੁਲੇਖਾ ਹੈ ਕਿ ਅਰਦਾਸ ਵਿਚ ਆਉਣ ਵਾਲੇ ਏਹਾਂ ਹਨ। ਪਰ ਮੁਕਤਸਰ ਸਾਹਿਬ ਵਿਖੇ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ਤਾਂ ਚਾਲੀ ਤੋਂ ਬਹੁਤ ਉਪਰ ਹੈ, 400 ਤੇ 450 ਵਿਚਕਾਰ ਉਂਜ ਇਹ ਵੀ ਮੁਕਤੇ ਹੀ ਮੰਨੇ ਜਾਂਦੇ ਹਨ। ਫਰਕ ਸਪੱਸ਼ਟ ਹੈ। ਭੁਲੇਖਾ ਨਹੀਂ ਰਹਿਣਾ ਚਾਇਦਾ।]

ਦੁਨੀਆਂ ਭਰ ਦਾ ਮੱਨੁਖੀ ਇਤਿਹਾਸ ਏਹੋ ਜਿਹੀ ਕੋਈ ਮਿਸਾਲ ਪੇਸ਼ ਨਹੀਂ ਕਰ ਸਕਦੇ। ਇਕ ਪਾਸੇ ਬੇ ਅਰਾਮ, ਥੱਕੇ ਟੁੱਟੇ ਉਂਨੀਂਦੇ ਤੇ ਨਾਲ ਚੂਰ ਚੂਰ ਹੋਏ 40 ਆਦਮੀ ਤੇ ਦੂਜੇ ਪਾਸੇ ਰੱਜੇ ਪੁੱਜੇ, ਸੱਜਰ ਸਾਹ, ਵਧੀਆ ਸ਼ਸਤ੍ਰਾਂ ਨਾਲ ਲੈਸ 10 ਲਖ।

ਵੇਖਣ ਵਾਲੀ ਗੱਲ ਇਹ ਹੈ ਕਿ ਕੀ ਇਸ 40 ਆਦਮੀਆਂ ਦੀ ਛੋਟੀ ਜਿਹੀ ਟੁਕੜੀ ਦਾ ਜਰਨੈਲ ਵੈਰੀ ਦੀ ਬੇਓੜਕੀ ਗਿਣਤੀ ਵੇਖ ਕੇ ਘਬਰਾ ਗਿਆ ? ਹੌਂਸਲਾ ਛੱਡ ਗਿਆ? ਦਿਲ ਹਾਰ ਗਿਆ ? ਜਵਾਬ ਹੈ "ਹਰਗਿਜ਼ ਨਹੀਂ " ਗੁਰੂ ਸਾਹਿਬ ਦਾ ਮੁਸਕਾਉਂਦਾ ਤੇਜਸਵੀ ਚਿਹਰਾ ਦਘ, ਦਘ ਕਰਦਾ ਨੂਰੋ ਨੂਰ ਚੌੜਾਂ ਮੱਥਾਂ, ਹੱਥ ਵਿਚ ਫੜਿਆ ਧਨਸ਼, ਸੋਨ-ਮੁਖੀਆਂ ਵਾਲੇ ਬਾਣਾਂ ਨਾਲ ਭਰਿਆ ਅਦੁਤੀ ਭੱਥਾਂ ਉਨ੍ਹਾਂ ਦੀ ਉੱਚੀ ਸੁੱਚੀ ਆਤਮਾ ਉਨ੍ਹਾਂ ਨੂੰ ਅਦੁੱਤੀ ਖੇੜੇ ਵਿਚ ਲੈ ਗਏ। ਗੁਰਦੇਵ ਦੀ ਆਵਾਜ਼ ਵਿਚ ਅਨੋਖੀ ਗਰਜ

ਸੀ। ਉਨ੍ਹਾਂ ਅਪਣੇ ਸਿੰਘਾਂ ਨੂੰ ਲਲਕਾਰ ਕੇ ਕਿਹਾ, " ਮੇਰੇ ਜਾਨ ਨਾਲੋ ਪਿਆਰੇ ਸੂਰਬੀਰੋ । ਅੱਜ ਐਥੇ ਇਹ ਸਾਡੀ ਸੂਰਬੀਰਤਾ, ਨਿਸਚੇ, ਅਣਖ ਆਬੂ ਦੀ ਪ੍ਰੀਖਿਆ ਹੈ। ਸਾਡਾ ਹੀ ਨਹੀਂ ਪੂਰੀ ਕੌਮ ਦਾ ਇਮਤਿਹਾਨ ਹੈ। ਅਕਾਲ ਪੁਰਖ ਵਲੋਂ ਪਰਗਟ ਕੀਤੇ ਖਾਲਸਾ ਪੰਥ ਨੇ ਅੱਜ ਏਥੇ ਮਿੱਟ ਜਾਣਾ ਹੈ ਜਾਂ ਹਮੇਸ਼ਾਂ ਲਈ ਅਮਰ ਹੋ ਜਾਣਾ ਹੈ। ਸਾਰੇ ਪੰਥ ਦੀ ਜ਼ਿਮੇਦਾਰੀ ਸਾਡੇ ਸਿਰ ਹੈ। ਸਾਰੇ ਜਹਾਨ ਦੀਆਂ ਅੱਖਾਂ ਇਸ ਹਵੇਲੀ ਵਲ ਲਗੀਆਂ ਹੋਈਆਂ ਹਨ ਕਿ ਅਸੀਂ ਕੀ ਪੂਰਨੇ ਪਾਉਂਦੇ ਹਾਂ? ਇਸ ਪਰਖ ਦੀ ਘੜੀ ਵਿਚ ਅਸੀਂ ਧਰਮੀ ਸੂਰਬੀਰਾਂ ਵਾਂਗ ਸ਼ਹੀਦੀਆਂ ਪ੍ਰਾਪਤ ਕਰਕੇ ਖਾਲਸਾ ਪੰਥ ਨੂੰ ਅਮਰ-ਜੀਵਨ ਦੇ ਸਕਦੇ ਹਾਂ ਤੇ ਜਾਂ ਫਿਰ ਦੇਸ਼ ਉਤੇ ਜ਼ੁਲਮੀ ਰਾਜ ਦੀਆਂ ਜੜਾਂ ਪੱਕੀਆਂ ਕਰ ਸਕਦੇ ਹਾਂ। ਸ਼ਹੀਦੀਆਂ ਦਾ ਸੁਭਾਗਾਂ ਸਮਾਂ, ਹੱਥੋਂ ਗੁਵਾਉਣ ਤੇ ਦਿਲ ਹਾਰਕੇ ਪਾਜੀਆਂ ਦੀ ਮੌਤ ਮਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦੇ। ਖਾਲਸਾ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਧਰਮਬੀਰ ਯੋਧਿਆਂ ਦੀ ਫੌਜ ਦਾ ਨਾਉਂ ਹੈ। ਸਦਾ ਚੜ੍ਹਦੀ ਕਲਾ ਵਿਚ ਰਹਿਣਾ ਖਾਲਸਾ ਜੀ ਦਾ ਜੌਹਰ ਹੈ।

ਅਕਾਲ ਪੁਰਖ ਤੋਂ ਤਾਂ ਮੈਂ ਸਭ ਤੋਂ ਪਹਿਲਾਂ ਮੰਗਿਆਂ ਵਰ ਹੀ ਸਾਡੀ ਅਰਦਾਸ ਹੈ :-

ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋ।
ਨ ਡਰੋ ਅਰਿ ਸੋ ਜਬ ਜਾਇ ਲਰੋ, ਨਿਸਚੈ ਕਰ ਅਪਨੀ ਜੀਤ ਕਰੋ।

"ਸੋ ਨਿਸਚੇ ਕਰ ਅਪਣੀ ਜੀਤ ਕਰੋਂ" ਅਕਾਲ ਪੁਰਖ ਪਾਸੋਂ ਮੰਗੇ ਵਰ ਦੀ ਪਰਵਾਨਗੀ ਰਹਿਮਤ ਦਾ ਪ੍ਰਤੀਕ ਹੈ। ਸਾਡੀ ਮੰਗ ਦੀ ਪਰਵਾਨਗੀ ਦਾ ਭ੍ਰੋਸਾ ਮਿਲ ਚੁਕਿਆ ਹੈ। ਏਸੇ ਨਿਸਚੈ ਦਾ ਨਾਮ ਸਿਖੀ ਹੈ। ਧਰਮ ਕੀ ਹੈ? ਅਕਾਲ ਪੁਰਖ ਦੀ ਰਹਿਮਤ ਦਾ ਦ੍ਰਿੜ੍ਹ ਵਿਸ਼ੱਵਾਸ, ਅੱਜ ਇਸ ਵਿਸ਼ਵਾਸ ਨੂੰ ਸਦਾ ਲਈ ਅਮਰ ਕਰ ਦੇਣ ਵਾਸਤੇ ਮਰਦਾਂ ਦੀ ਮੌਤ ਮਰਨਾ ਹੈ। ਅਪਣੇ ਮਰਦਊਪੁਣੇ ਦੀ ਲਾਜ ਰਖਣੀ ਹੈ। ਵੈਰੀ ਦੀ ਗਿਣਤੀ ਸਾਨੂੰ ਨਹੀਂ ਪੋਹੁੰਦੀ। ਮਰਦਾਂ ਵਾਂਗ ਵੈਰੀ ਦਾ ਟਾਕਰਾ ਕਰੋ। ਸ਼ਹਾਦਤ ਦਾ ਉੱਚਾ ਮਰਤਬਾ ਦੋਹਾਂ ਜਹਾਨਾਂ ਵਿਚ ਸੁਰਖਰੂਈ ਤੁਹਾਡੇ ਹਿਸੇ ਹੈ। (ਚਲਦਾ)

## ਅਮੋਲਕ ਵਿਚਾਰ

(ਗਿਆਨੀ ਊਧਮ ਸਿੰਘ ਜੀ ਨੇ ਸਿੱਖੀ ਨਾਲ ਸਬੰਧਤ ਵੱਖ ਵੱਖ ਵਿਸ਼ਿਆਂ ਉੱਤੇ ਪੰਜ ਹਜ਼ਾਰ ਅਮੋਲਕ ਵਿਚਾਰ ਸੰਕਲਿਤ ਕੀਤੇ ਹਨ। ਉਨ੍ਹਾਂ ਵਿਚੋਂ ਹਰੇਕ ਵਿਸ਼ੇ ਉੱਤੇ ਚੋਣਵੇਂ ਵਿਚਾਰ ਪਾਠਕਾਂ ਦੇ ਗਿਆਨਹਿਤ ਛਾਪਣੇ ਸ਼ੁਰੂ ਕੀਤੇ ਜਾ ਰਹੇ ਹਨ।)

### ਕੀ ਸਿੱਖ ਹਿੰਦੂ ਹਨ ?

1.ਕੀ ਸਿੱਖ ਹਿੰਦੂ ਹਨ ? ਇਹ ਉਨ੍ਹਾ ਲੋਕਾਂ ਦੀ ਵੀਚਾਰ ਦਾ ਵਿਸ਼ਾ ਹੈ ਜੋ ਹਰ ਕੌਮ ਦੀ ਥੀਊਰੀ, ਬੁਨਿਆਦ ਅਤੇ ਉਨ੍ਹਾਂ ਦੇ ਸੰਸਕਾਰਾਂ ਦੀ ਸੋਝੀ ਰੱਖਦੇ ਹਨ। ਇਹ ਕਹਿਨਾਂ ਚਾਨਣ ਨੂੰ ਅੰਧੇਰਾ ਕਹਿਨ ਦੇ ਸਮਾਨ ਹੈ ਕੇ ਸਿੱਖ ਹਿੰਦੂ ਹਨ, ਸਿੱਖ ਤਾਂ ਇਕ ਵਿਲੱਖਣ ਕੌਮ ਹੈ, ਜਿਸ ਦੀ ਹਰ ਕਿਰਿਆ ਵੱਖਰੀ ਹੈ।

2.ਇਹ ਕਹਿਨਾ ਸਹੀ ਹੁੰਦਾ, ਕਿ ਸਿੱਖ ਹਿੰਦੂਆਂ ਵਿਚੋਂ ਪੈਦਾ ਹੋਏ ਜੇ ਗੁਰੂ ਗੋਬਿੰਦ ਸਿੰਘ ਜੀ ਹਿੰਦੂ ਸਰੂਪ ਨੂੰ ਬਦਲ ਕੇ ਸਿੱਖੀ ਸਰੂਪ ਆਪ ਘੜਦੇ।

3.ਜੇ ਮਨੁੱਖ ਦਾ ਸਿੱਖੀ ਸਰੂਪ ਨਾਈ ਦੇ ਹੱਥੀਂ ਬਦਲ ਕੇ ਹਿੰਦੂ ਸਰੂਪ ਸਿਰਜਿਆ ਗਿਆ ਹੈ ਤਾਂ ਹਿੰਦੂਆਂ ਚੋਂ ਸਿੱਖ ਕਿਵੇਂ ਪੈਦਾ ਹੋਇ ਅਤੇ ਇਹ ਕਿਵੇਂ ਸੱਚ ਹੈ ?

4.ਸਿੱਖੀ ਦੀ ਪ੍ਰਮੁੱਖ ਨਿਸ਼ਾਨੀ ਕੇਸ ਹਨ, ਜੋ ਜਨਮ ਤੋਂ ਹੀ ਸਰੀਰ ਦਾ ਅੰਗ ਹੁੰਦੇ ਹਨ, ਜਿਨ੍ਹਾਂ ਨੂੰ ਕੱਟ ਕੇ ਹੀ ਕੋਈ ਮਨੁੱਖ ਹਿੰਦੂ ਜਾਂ ਕੁਝ ਹੋਰ ਬਣਦਾ ਹੈ।

5.ਸਿੱਖੀ ਦੀਆਂ ਜਨਮ, ਵਿਵਾਹ, ਅੰਮ੍ਰਿਤ ਸੰਸਕਾਰ ਤੇ ਮਿਰਤਕ ਕਿਰਿਆ ਆਦਿ ਰੀਤਾਂ ਸਭ ਵੱਖਰੀਆਂ ਹਨ, ਇਸ ਲਈ ਸਿੱਖ ਹਿੰਦੂ ਨਹੀਂ ਮੰਨੇ ਜਾਂਦੇ।

6.ਸਿੱਖੀ ਦੇ ਪੰਜ ਕਕਾਰ, ਪਹਿਰਾਵਾ ਤੇ ਜੀਵਨ ਕਿਰਿਆ ਦੇ ਤਰੀਕੇ ਹਿੰਦੂ ਰਹੁ ਰੀਤੀ ਨਾਲੋਂ ਵੱਖਰੇ ਹਨ, ਇਸ ਲਈ ਸਿੱਖਾਂ ਨੂੰ ਹਿੰਦੂ ਕਹਿਨਾ ਯੋਗ ਨਹੀਂ।

7.ਗੁਰਬਾਣੀ ਦੇ ਅਣਗਿਣਤ ਪ੍ਰਮਾਣਾ ਅਨੁਸਾਰ ਵੀ ਸਿੱਖ ਹਿੰਦੂ ਨਹੀਂ, ਜਿਵੇ " ਨਾ ਹਮ ਹਿੰਦੂ ਨਾ ਮੁਸਲਮਾਨ" ਅਥਵਾ "ਹੋਰ ਫਕੜ ਹਿੰਦੂ ਮੁਸਲਮਾਣੈ"॥

# ਸਲੋਕ ਭਗਤ ਕਬੀਰ ਜੀਉ ਕੇ

(Translated By Jaspinder Singh)

ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥ ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥੮੭॥

Slok No. 87 : O' Kabir ! I found my objective of search. Object of my seeking was found within, that I had considered something external. One merges into the identity of the sought after Lord after union.-87

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥ ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥੮੮॥

Slok No.88: O' Kabir ! One is destroyed in evil company like the banana tree near the thorny tree jujube (ben.) The company of atheists involves delving in evil doings like the movement of Banana leaves getting torn with throns of the Ben tree. Evil company must be avoided.-88

ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ॥ ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ॥੮੯॥

Slok No. 89: O' Kabir ! Mortal delves in evil doing without a fear of its accountability. Further he takes up the burden of evil through slander of others and yet journey to the here-after is like difficult mountain climbing, making it further difficult with all the load of evil doing and slander.-89

ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ॥ ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ॥੯੦॥

SlokNo.90: O' Kabir ! The burnt out wood in jungle gives out a loud warning that do not get involved with the evil (Lohar) for once indulging in evil doing leads mere repetition of the same. The escape is only through refuge in the Guru and leading a life of godliness thruogh his wisdom, Gurmat-90

ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ॥ ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ॥੯੧॥

O' Kabir! Godly devotion rids one one of one's ego and with that is destroyed self pride of caste. One is further rid of self-attachment and endless desires. With purified life one has no appetite for evil company or slander. Thus it makes a total riddance from six evils of ego, self-pride, self-attachment, desire, evil company and slander.-91

ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ॥ ਜਿਨਿ ਹਰਿ ਕਾ ਨਾਮੁ ਨ ਚੇਤਿਓ ਕਹਾ ਭੁਲਾਨੇ ਅਉਰ॥੯੨॥

Slok No. 92: O' Kabir! I have searched all over of the world but did not find peace of mind anywhere. Those who have not comtemplated on Nam-Divine for obtaining peace, they search else where in vain.-92

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥ ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥੯੩॥

Slok No.93: O' Kabir! Seek holy company that endures through out. Never be in the company of the evil that brings self-ruination.-93

ਕਬੀਰ ਜਗ ਮਹਿ ਚੇਤਿਓ ਜਾਨਿ ਕੈ ਜਗ ਮਹਿ ਰਹਿਓ ਸਮਾਇ॥ ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ ਜਨਮੇਂ ਆਇ॥੯੪॥

Slok No. 94: O' Kabir! T have been blessed with knowledge-Divine and thus contemplated on the Lord's Nam. Those, who not devoted to Nam-Divine, have been born in vain.-94

ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ॥ ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ॥੯੫॥

Slok No.95: O' Kabir! Seek refuge of the Lord for all else is hopeless. Those mortals who forsake God-rememberance go to hell.-95

(To be Continued)



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਲੜੀ ਜੋੜਨ ਲਈ ਸੂਰਾ ਦਸੰਬਰ ੧੧ ਦੇਖੋ

ਮਾੜੇ ਕਰਮਾਂ ਦੀ ਕਮਾਈ ਦੇ ਕਰਤੱਤ ਦੇ ਅਰਥਾਂ ਵਿਚ ਵੀ 'ਕਿਰਤਿ' ਪਦ ਨੂੰ ਗੁਰਬਾਣੀ ਵਿਚ ਵਰਤਿਆ ਗਿਆ ਹੈ। ਯਥਾ ਗੁਰਵਾਕ -

ਆਪਨੇ ਜਨ ਪ੍ਰਭਿ ਆਪਿ ਰਖੇ॥ ਦੁਸਟ ਦੂਤ ਸਭਿ ਭ੍ਰਮਿ ਥਕੇ॥<br>
ਬਿਨੁ ਗੁਰ ਸਾਚੇ ਨਹੀ ਜਾਇ॥ ਦੁਖੁ ਦੇਸ ਦਿਸੰਤਰਿ ਰਹੇ ਧਾਇ॥੨॥<br>
ਕਿਰਤੁ ਓਨਾ ਕਾ ਮਿਟਸਿ ਨਾਹਿ॥<br>
ਓਇ ਅਪਨਾ ਬੀਜਿਆ ਆਪਿ ਖਾਹਿ॥<br>
ਜਨ ਕਾ ਰਖਵਾਲਾ ਆਪਿ ਸੋਇ॥<br>
ਜਨ ਕਉ ਪਹੁਚਿ ਨ ਸਕਸਿ ਕੋਇ॥੩॥(੪॥੧੨)

(ਬਸੰਤ ਮ: ੫, ਪੰਨਾ ੧੧੮੩)

ਭਾਵ ਅਰਥ - ਇਹ ਗੱਲ ਪਰਤਿਆ ਕੇ ਅਜ਼ਮਾ ਕੇ ਦੇਖੀ ਗਈ ਹੈ ਕਿ ਵਾਹਿਗੁਰੂ ਆਪਣੇ ਜਨਾਂ ਭਗਤਾਂ ਦੀ ਦੁਸ਼ਟਾਂ ਦੋਖੀਆਂ ਤੋਂ ਹਰ ਅਵਸਰ ਵਿਖੇ ਆਪ ਹੱਥ ਦੇ ਕੇ ਰੱਖਿਆ ਕਰਦਾ ਹੈ। ਦੁਸ਼ਟ ਦੂਤ ਆਪਣੀ ਕਰਤੂਤ ਕਰ ਭ੍ਰਮ ਭੌਂਕ ਥਕੇ ਹਨ। ਭ੍ਰਮ-ਭੁਲੇ ਦੁਸ਼ਟਾਂ ਦੋਖੀਆਂ ਨੂੰ ਫੇਰ ਭੀ ਪੂਰੇ ਗੁਰੂ ਤੋਂ ਬਿਨਾਂ ਹੋਰ ਠਿਕਾਣਾ ਕਿਤੇ ਨਹੀਂ। ਓਹਨਾਂ ਨੂੰ ਸੱਚੇ ਸਤਿਗੁਰੂ ਬਾਝੋਂ ਢੋਈ ਕਿਤੇ ਨਾ ਮਿਲੀ। ਦੇਸਾਂ ਪਰਦੇਸਾਂ ਵਿਚ ਬਥੈਰੀ ਨੱਸ ਭੱਜ ਕੀਤੀ, ਜਿੱਥੇ ਗਏ ਉਥੇ ਦੁਖ ਹੀ ਮਿਲਿਆ। ਸਤਿਗੁਰੂ ਬਾਝੋਂ ਦੁਸ਼ਟਾਂ ਦੇ ਦੁਖ ਕਉਣ ਹਰੇ ? ਦੁਸ਼ਟਾਂ ਦੋਖੀਆਂ ਦੇ ਮਾੜੇ ਕਰਮਾਂ ਦਾ ਕਰਤੱਤ ਕਦੇ ਮਿਟਦਾ ਨਹੀਂ। ਓਹਨਾਂ ਨੂੰ ਆਪਣਾ ਬੀਜਿਆ ਆਪ ਖਾਣਾ ਪੈਂਦਾ ਹੈ। ਆਪਣੇ ਜਨ ਦਾ ਵਾਹਿਗੁਰੂ ਆਪ ਰਖਵਾਲਾ ਹੈ। ਓਹਨਾਂ ਦੀ ਕਰਨੀ ਨੂੰ ਕੋਈ ਨਹੀਂ ਅੱਪੜ ਸਕਦਾ। ਨਾ ਹੀ ਕੋਈ ਓਹਨਾਂ ਦੀ ਵਾ ਵਲ ਦੇਖ ਸਕਦਾ ਹੈ, ਕੈਰੀ ਅੱਖ ਨਾਲਿ। ਦੁਸ਼ਟਾਂ ਦੋਖੀਆਂ ਦੀ ਕੋਈ ਵਾਹ ਨਹੀਂ ਚਲਦੀ। ਸਗੋਂ ਹਰਿ ਜਨ ਨਾਲ ਈਰਖਾ ਦ੍ਵੈਖ ਕਰ ਕੇ ਹੋਰ ਪਾਪ ਕਰਮ ਆਪਣੇ ਸਿਰ ਚਾੜ੍ਹਦੇ ਹਨ।

ਇਕਿ ਆਵਹਿ ਜਾਵਹਿ ਘਰਿ ਵਾਸੁ ਨ ਪਾਵਹਿ॥<br>
ਕਿਰਤ ਕੇ ਬਾਧੇ ਪਾਪ ਕਮਾਵਹਿ॥<br>
ਅੰਧੁਲੇ ਸੋਝੀ ਬੂਝ ਨ ਕਾਈ ਲੋਭੁ ਬੁਰਾ ਅਹੰਕਾਰਾ ਹੇ॥੪॥

(੧੭॥੩॥੯) ਮਾਰੂ ਮ: ੧, ਪੰਨਾ ੧੦੨੯)

ਮਾੜੇ ਕਰਮਾਂ ਦੀ ਕਿਰਤ ਲਿਖਤ ਐਸੀ ਪ੍ਰਬਲ ਹੈ ਕਿ ਖੋਟੇ ਕੰਮਾਂ ਦੀ ਖੋਟ ਵਾਲੀ ਕਿਰਤ ਦੇ ਬੰਨ੍ਹੇ ਹੋਏ ਪਾਪੀ ਪੁਰਸ਼ ਪਾਪ ਹੀ ਕਮਾਈ ਚਲੇ ਜਾਂਦੇ ਹਨ। ਓਹਨਾਂ ਦੀ ਸੁਰਤਿ ਦੂਜੇ ਪਾਸੇ ਉਘੜਦੀ ਨਹੀਂ। ਇਹ ਓਹਨਾਂ ਦੇ ਪੂਰਬਲੇ ਪਾਪ ਕਰਮਾਂ ਦੀ ਬਿਕਟੀ ਸਜ਼ਾ ਓਹਨਾਂ ਨੂੰ ਮਿਲੀ ਹੋਈ ਹੁੰਦੀ ਹੈ ਕਿ ਓਹਨਾਂ ਤੋਂ ਜਦ ਹੁੰਦੇ ਹਨ ਪਾਪ ਕਰਮ ਹੀ ਹੁੰਦੇ ਹਨ। ਬਸ, ਓਹ ਪਾਪ ਹੀ ਕਮਾਈ ਜਾਂਦੇ ਹਨ। ਪਾਪਾਂ ਦੀ ਕਰਤੱਤ ਕਰਕੇ ਅਣਗਿਣਤ ਜੂਨੀਆਂ ਵਿਚਿ ਆਉਂਦੇ ਜਾਂਦੇ ਜੰਮਦੇ ਮਰਦੇ ਹੀ ਰਹਿੰਦੇ ਹਨ। ਓਹਨਾਂ ਨੂੰ ਆਪਣੇ ਅਸਲੀ ਘਰ ਵਿਚਿ ਪਰਮਾਤਮਾ ਦੇ ਦੇਸ ਵਿਚ ਵਾਸਾ ਨਸੀਬ ਨਹੀਂ ਹੁੰਦਾ। ਓਹਨਾਂ ਅੰਧਲਿਆਂ ਨੂੰ ਕਿਰਤ ਕਰੰਮੀ ਪਾਪਾਂ ਦੀ ਤਿਮਰਤਾ ਨਾਲਿ ਅੰਨ੍ਹੇ ਹੋਇਆਂ ਵਿਆਂ ਨੂੰ ਏਸ ਪਾਸੇ ਦੀ, ਇਸ ਅਸਲੀ ਘਰ ਦੀ ਕੋਈ ਸੁਝ ਬੂਝ ਹੀ ਨਹੀਂ ਹੁੰਦੀ। ਓਹਨਾਂ ਦੀ ਅਕਲ ਉਤੇ ਲੋਭ ਅਤੇ ਹੰਕਾਰ ਹੀ ਸਵਾਰ ਰਹਿੰਦੇ ਹਨ ਜੋ ਕਿ ਬਹੁਤ ਹੀ ਬੁਰੇ ਹੈਨ। ਬੁਰਾ ਬਾਹਲਾ ਏਸ ਕਰਕੇ ਕਿ ਇਸ ਪਾਸੇ ਪਾਪ ਕਿਰਤ-ਕਰਮ ਆਉਣ ਹੀ ਨਹੀਂ ਦਿੰਦੇ, ਸੋਝੀ ਸੁਝਾਉਣ ਹੀ ਨਹੀਂ ਦਿੰਦੇ। ਕਰਨ ਤਾਂ ਕੀ ਕਰਨ ?ਬਸ ਕਿਰਤ ਕਰਮ ਨੂੰ ਪਏ ਰੋਣਾ ਰੋਣੇ ਹੀ ਰੋਣੇ ਓਹਨਾਂ ਦੇ ਪੱਲੇ ਰਹਿ ਗਏ ਹਨ।



www.AKJ.Org

ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ॥
ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ॥
ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ॥
ਮਹਾ ਮੋਹਨੀ ਸੰਗਿ ਰਾਤਾ ਰਤਨ ਜਨਮੁ ਗਵਾਇਆ॥
ਇਕਸੁ ਹਰਿ ਕੇ ਨਾਮ ਬਾਝਹੁ ਆਨ ਕਾਜ ਸਿਆਣੀ॥
ਬਿਨਵੰਤ ਨਾਨਕ ਲੇਖੁ ਲਿਖਿਆ ਭਰਮਿ ਮੋਹਿ ਲੁਭਾਣੀ॥੨॥
ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ॥
ਆਏ ਖਰੇ ਕਠਿਨ ਜਮਕੰਕਰਿ ਪਕੜਿ ਲਇਆ॥
ਪਕੜੇ ਚਲਾਇਆ ਅਪਣਾ ਕਮਾਇਆ ਮਹਾ ਮੋਹਨੀ ਰਾਤਿਆ॥
ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ ਗਲਿ ਲਾਤਿਆ॥
ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ॥
ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ॥੩॥

(੫॥੪॥੭) ਬਿਹਾਗੜਾ ਮ: ੫, ਪੰਨਾ ੫੪੬

ਵਿਆਖਿਆ- ਕਿਰਤ-ਕਰੰਮੀ ਮਾੜੇ ਕਰਮਾਂ ਦੀ ਪੱਕੀ ਹੋਈ ਆਦਤ ਵਾਲੇ ਪਾਪੀਆਂ ਪ੍ਰਥਾਇ ਇਹ ਗੁਰਵਾਕ ਉਚਾਰਨ ਹੋਇਆ, ਹੇ ਪਾਪ ਕਰੰਮੀ ਮੰਦ ਕਿਰਤੰਮੀ ਪੁਰਸ਼ । ਤੂੰ ਵਲ ਛਲ ਠੱਗੀ ਧੋਖੇ ਵਾਲੇ ਪਾਪ ਕਰਮ ਆਪਣੇ ਜਾਣੇ ਲੁਕ ਕੇ ਕਰਦਾ ਹੈਂ ਕਿ ਕੋਈ ਨਹੀਂ ਦੇਖਦਾ, ਪਰ ਅੰਤਰਯਾਮੀ ਪ੍ਰਭੂ ਪਰਮਾਤਮਾ ਤੋਂ ਤੂੰ ਕੁਝ ਭੀ ਲੁਕਾ ਕੇ ਨਹੀਂ ਰਖ ਸਕਦਾ। ਉਹ ਘਟ ਘਟ ਕੇ ਪਟ ਪਟ ਕੀ ਜਾਨਣਹਾਰਾ ਵਾਹਿਗੁਰੂ ਸਭ ਕੁਝ ਜਾਣਦਾ ਹੈ, ਗੁਝੀ ਤੋਂ ਗੁਝੀ ਪਾਪ ਕਰੰਮੀ ਕਿਰਤ ਭੀ ਪਾਪੀਆਂ ਦੀ ਜਾਣਦਾ ਹੈ। ਚਾਹੇ ਕੋਈ ਧਰਤੀ ਅੰਦਰਿ ਲੁਕ ਛਿਪ ਕੇ ਭੀ ਪਾਪ ਕਰਮ ਕਮਾਵੇ। ਧਰਮਰਾਇ ਦੇ ਦਫ਼ਤਰ ਜਦੋਂ ਲੇਖਾ ਲਿਆ ਗਿਆ ਤਾਂ ਪਾਪੀ ਮੰਦ-ਕਰਮੀ ਪੁਰਸ਼ ਐਉਂ ਪੀੜਿਆ ਗਿਆ ਜਿਵੇਂ ਕੋਹਲੂ ਵਿਖੇ ਤਿਲਾਂ ਦੀ ਘਾਣੀ ਪੀੜੀ ਜਾਂਦੀ ਹੈ, ਜਿਉਂ ਕੋਹਲੂ ਦੀ ਘਾਣੀ ਵਿਚ ਤਿਲ ਪੀੜੇ ਜਾਂਦੇ ਹਨ। ਹੇ ਪ੍ਰਾਣੀ । ਤੂੰ ਆਪਣੇ ਕਮਾਤੇ ਕਰਮਾਂ ਦੀ ਕਿਰਤ ਵਾਲੇ ਦੁਖ ਸਹੁ । ਤੈਨੂੰ ਸਹਿਣੇ ਜ਼ਰੂਰ ਪੈਣੇ ਹਨ। ਅਨੇਕਾਂ ਜੂਨੀਆਂ ਵਿਚ ਭਰਮਣਾ ਪੈਣਾ ਹੈ। ਖ਼ਬਰੇ ਕਿਤਨੀਆਂ ਜਠਰਾਗਣਾਂ ਵਿਚਿ ਗਲਣਾ ਸੜਨਾ ਪੈਣਾ ਹੈ। ਪਰ ਅਵੱਸ਼ ਗਲਣਾ ਸੜਨਾ ਪਵੇਗਾ। ਮਹਾਂ ਮੋਹਨੀ ਮਾਇਆ ਸੰਗਿ ਰਤੇ ਮਤੇ ਨੇ ਤੈਂ ਮਨੁਖਾ ਜਨਮ ਰੂਪੀ ਰਤਨ ਅੰਞਾਈਂ ਹੀ ਗੰਵਾ ਲਿਆ। ਇਹ ਮਾਇਆ ਬਹੁਤੀ ਹੀ ਮਨ ਨੂੰ ਮੋਹਣ ਵਾਲੀ ਹੈ। ਇਹ ਅਨਿਕ ਵੇਸ ਕਰੇ ਕਰਿ ਆਉਂਦੀ ਹੈ ਅਤੇ ਮਨੁਖਾਂ ਨੂੰ ਲਪਟਾਉਂਦੀ ਹੈ, ਕਦੇ ਧਨ ਐਸ਼ਰਜ ਦਾ ਵੇਸ ਕਰ ਕੇ; ਕਦੇ ਪੁਤ੍ਰ ਕਲਤ੍ਰ ਦਾ ਵੇਸ ਕਰ ਕੇ; ਕਦੇ ਮਹਾਂ ਰੂਪਵੰਤੀ ਹੁਸਨ ਜਵਾਨੀ ਵਾਲੀ ਕਾਮਣੀ ਦਾ ਵੇਸ ਕਰ ਕੇ; ਕਦੇ ਮਾਨ ਵਡਿਆਈ ਸੋਭਾ ਦਾ ਵੇਸ ਕਰ ਕੇ। ਹੋਰ ਨਹੀਂ ਤਾਂ ਸੂਖਮ ਹਉਮੈ ਦਾ ਵੇਸ ਕਰ ਕੇ ਤਾਂ ਜ਼ਰੂਰ ਹੀ ਲੋਭਾਇ ਲੈਂਦੀ ਹੈ। ਪਰ ਮਨਮੁਖਾਂ ਨੂੰ ਲੁਭਾਉਂਦੀ ਹੈ। ਸਾਰਾ ਜਨਮ ਹੀ ਆਯੂ ਪ੍ਰਯੰਤ ਮਨਮੁਖ ਮੂੜ ਅਗਿਆਨੀ ਲੋਕ ਇਸ ਮਹਾਂ ਮੋਹਨੀ ਮਾਇਆ ਨਾਲ ਹੀ ਰਚੇ ਪਚੇ ਰਹਿੰਦੇ ਹਨ। ਜਗਤ ਸਿਆਣੀ ਪਰ ਨਿਰੀ ਕਮਲੀ ਲੁਕਾਈ ਇਕਸ ਸੱਚੇ ਨਾਮ ਦੇ ਸੱਚੇ ਕਾਜ ਬਾਝਹੁੰ ਹੋਰ ਝੂਠੇ ਕੰਮਾਂ ਕਾਜਾਂ ਵਿਚਿ ਹੀ (ਜਗਤ ਦੇ ਧੰਦਿਆਂ ਵਿਚਿ ਹੀ) ਰੁੱਝੀ ਰਹਿੰਦੀ ਹੈ। ਮਮਤਾ ਲੋਭ ਵਿਚਿ ਲੁਭਾਣੀ, ਭਰਮਿ ਭੁਲਾਣੀ ਮਨਮੁਖ ਲੁਕਾਈ ਦੇ ਲੇਖਾਂ ਵਿਚਿ ਇਹੀ ਪਾਪ ਕਿਰਤ-ਕਰੰਮੀਆਂ ਲੇਖ ਲਿਖਿਆ ਹੋਇਆ ਹੈ। ਉਹ ਕਰੇ ਤਾਂ ਕੀ ਕਰੇ ? ਪਾਪਾਂ ਭਰੇ ਕਿਰਤ-ਕਰੰਮਾਂ ਬਾਝਹੁੰ ਉਸ ਨੂੰ ਕੁਝ ਸੁਝਦਾ ਹੀ ਨਹੀਂ। ਕਿਸੇ ਦੇ ਕੀਤੇ ਉਪਕਾਰਾਂ, ਮਹਾਂ• ਕਰਨਹਾਰ ਕਰਤਾਰ ਸਿਰਜਨਹਾਰ ਦੇ ਉੱਚ ਉਪਕਾਰਾਂ ਦੀ ਕਦਰ ਨੂੰ ਨਾ ਜਾਨਣ ਵਾਲਾ, ਨਾ-ਕਦਰ ਸ਼ਨਾਸ, ਨਕਦਾਰਾ, ਨਾ-ਸ਼ੁਕਰਾ, ਕਰੀ-ਖੋ (ਅਕ੍ਰਿਤਘਣ), ਪਾਪਿਸ਼ਟ-ਕਿਰਤੰਮੀਆਂ, ਮੰਦ ਕਿਰਤ-ਲੇਖ ਲਿਖੰਮੀਆ ਪੁਰਸ਼ ਵਾਹਿਗੁਰੂ ਤੋਂ ਕੋਈ ਜਨਮਾਂ ਦਾ ਵਿਛੁੜਿਆ ਹੋਇਆ ਹੈ। ਇਸ ਦੀ ਬਾਹੁੜੀ

ਕੋਈ ਨਹੀਂ ਕਰਦਾ। ਕੋਈ ਕਰਿ ਹੀ ਨਹੀਂ ਸਕਦਾ ਜੋ ਵਿਚਿ ਪੈ ਕੇ ਉਸ ਨੂੰ ਤਿਸ ਵਿਛੁੜੇ ਪਾਪੀ ਪੁਰਸ਼ ਨੂੰ ਜਨਮਾਂ ਜੋਨੀਆਂ ਵਿਚ ਧੱਕੇ ਖਾਂਦੇ ਪਾਪ ਕਿਰਤ ਕਰੰਮੀਏ ਮਹਾਂ ਮੰਦ ਕਰਮੀ ਪੁਰਸ਼ ਨੂੰ ਬਾਹੁੜਿ ਵਾਹਿਗੁਰੂ ਨਾਲਿ ਮਿਲਾ ਸਕੇ । ਬਸ, ਅਕ੍ਰਿਤਘਣ ਵਿਛੁੜਿ ਪਇਆ ਸੋ ਵਿਛੁੜ ਪਇਆ। ਇਸ ਵਿਛੋੜੇ ਦੀ ਵਿਥ ਨੂੰ ਕਉਣ ਮਿਲਾਵੇ ? ਉਸ ਨੂੰ ਉਸ ਦੇ ਕੀਤੇ ਕਰਮਾਂ ਦੀ ਸਜ਼ਾ ਦਿਵਾਉਣੋਂ ਹੋੜਨ ਵਾਲਾ ਭੀ ਕੋਈ ਨਹੀਂ। ਜਦੋਂ ਖਰੇ ਕਠੋਰ ਜਮਦੂਤ ਇਸ ਨੂੰ ਅੰਤੀ ਸਮੇਂ ਲੈਣ ਆਏ, ਇਸ ਦੀ ਜਾਨ ਕੱਢਣ ਆਏ ਤਾਂ ਓਹਨਾਂ ਤੋਂ ਬਚਾਉਣ ਵਾਲਾ ਕੋਈ ਨਹੀਂ। ਬੱਸ, ਜਮ ਕੰਕਰਾਂ ਨੇ ਉਸ ਨੂੰ ਗਲ ਤੋਂ ਫੜ ਲਿਆ। ਫੜ ਕੇ ਲੈ ਗਏ ਜਿਥੇ ਉਸ ਨੂੰ ਲੈ ਜਾਣਾ ਸੀ। ਪੂਰਬਲੀ ਕਰਮ ਕਰਤੱਤੀ ਕਿਰਤ ਦੇ ਕਮਾਤੇ ਗੁਨਾਹਾਂ ਪਾਪਾਂ ਦੇ ਕਾਰਨ ਉਸ ਮਹਾਂ ਮੋਹਨੀ ਰਾਤੇ ਪਾਪੀ ਪੁਰਸ਼ ਨੂੰ ਫੜ ਕੇ ਲੈ ਗਏ, ਧਰਮਰਾਏ ਦੀ ਹਜ਼ੂਰੀ ਵਿਚਿ । ਜਦੋਂ ਉਥੇ ਜਾ ਕੇ ਉਸ ਦੇ ਕਰਮਾਂ ਦੇ ਲੇਖਾਂ ਦਾ ਲੇਖਾ ਲਿਆ ਗਿਆ ਤਾਂ ਦਫ਼ਤਰ ਫੋਲ ਕੇ ਪਤਾ ਲਗਾ ਕਿ ਉਸ ਨੇ ਕਦੇ ਉਮਰ ਭਰ ਕਿਸੇ ਜਨਮ ਵਿਚ ਭੀ ਗੁਰਮੁਖ ਬਣ ਕੇ ਵਾਹਿਗੁਰੂ ਗੋਬਿੰਦ ਦਾ ਸਿਫਤਿ ਸਾਲਾਹੀ ਨਾਮ ਨਿਮਖ ਮਾਤਰ ਭੀ ਨਹੀਂ ਜਪਿਆ। ਬੱਸ ਤੱਤੇ ਬਲਦੇ ਸੜਦੇ ਥੰਮਾਂ ਨਾਲਿ ਉਸ ਦੀਆਂ ਜੱਫੀਆਂ ਪੁਆਈਆਂ ਗਈਆਂ। ਅੰਗਿਆਰੇ ਵਾਂਗੂੰ ਭੜ ਭੜ ਕਰਦੀਆਂ ਲੋਹੇ ਦੀਆਂ ਤੱਤੀਆਂ ਥੰਮੀਆਂ ਉਸ ਦੇ ਗਲ ਨਾਲਿ ਲਾਈਆਂ ਗਈਆਂ ਤਾਂ ਵਿਰਲਾਪ ਕਰਿ ਕਰਿ ਦੁਹਾਈਆਂ ਪਾ ਪਾ ਕੇ ਪਛਤਾਉਣ ਲੱਗਾ। ਪਰ ਫੇਰ ਪਛਤਾਏ ਕੀ ਬਣਦਾ ਹੈ ? ਜਦੋਂ ਉਸ ਨੂੰ ਮਨੁਖ ਜਨਮ ਦਾ ਅਉਸਰ ਮਿਲਿਆ ਸੀ ਓਦੋਂ ਤਾ ਸਾਰਾ ਜਨਮ ਉਸ ਨੇ ਕਾਮ ਕ੍ਰੋਧ ਵਿਚ ਅੱਟੇ ਹੋਏ ਨੇ ਅਤੇ ਅਹੰਕਾਰ ਵਿਚਿ ਮੱਤੇ ਮੁੱਠੇ ਹੋਏ ਨੇ ਬਿਤਾ ਦਿਤਾ। ਮੰਦ ਕਰਮ ਸੰਜੋਗੀ ਗੇੜ ਕਰਕੇ ਸਾਰੀ ਉਮਰ ਭੁੱਲਾ ਹੀ ਰਿਹਾ। ਰਸਨਾ ਕਰਕੇ ਇਕ ਖਿਨ ਮਾਤਰ ਭੀ ਵਾਹਿਗੁਰੂ ਨਾਮ ਦਾ ਜਾਪ ਨਹੀਂ ਜਪਿਆ।

—ਨਾਮ ਨਾ ਜਪਣ ਵਾਲੇ ਮੰਦ-ਕਿਰਤ ਕਰੰਮੀਆਂ ਪਾਪੀਆਂ ਦੇ ਜ਼ਰੂਰ ਇਹੀ ਹਾਲ ਹੋਣਗੇ। ਜ਼ਰੂਰ ਓਹਨਾਂ ਨੂੰ ਤੱਤੇ ਥੰਮਾਂ ਨਾਲ ਬੰਨ੍ਹ ਕੇ ਤਪਾਇਆ ਜਾਇਗਾ। ਮੱਤ ਖ਼ਿਆਲ ਕਰੋ ਕਿ ਇਹ ਰੋਚਕ ਭਿਆਨਕ ਬਚਨ ਮਹਿਜ਼ ਡਰਾਵਾ ਦੇਣ ਲਈ ਹੀ ਕਰੇ ਗਏ ਹਨ। ਸਤਿ ਪੁਰਖ ਸਤਿਗੁਰਾਂ ਦੀ ਬਾਣੀ ਸਰਾਸਰ ਸਤਿ ਸਰੂਪ ਹੈ ਅਤੇ ਸਦਾ ਯਥਾਰਥ ਹੀ ਯਥਾਰਥ ਹੈ। ਗੁਰਬਾਣੀ ਅੰਦਰਿ ਜਿਤਨੇ ਭੀ ਵਾਕ ਹਨ ਸਭ ਯਥਾਰਥ ਹਨ। ਕੋਈ ਬਚਨ ਵਾਕ ਭੀ ਬਨਾਉਟੀ ਡਰਾਵੇ ਵਾਲਾ ਨਹੀਂ। ਯਥਾਰਥਂ ਹੋਇ ਵਰਤਣ ਵਾਲੇ ਵਾਕ ਹਨ। ਬਾਲ ਦੀ ਖਾਲ ਲਾਹੁਣ ਵਾਲੇ ਕਈ ਫੋਕੀਆਂ ਕੁਤਰਕਾਂ ਕਰਨ ਵਾਲੇ ਨੁਕਤਾਚੀਨ ਲੋਗ ਇਉਂ ਆਖਿਆ ਕਰਦੇ ਹਨ ਕਿ ਸਰੀਰ ਤਾਂ ਪ੍ਰਾਣੀ ਦਾ ਐਥੇ ਇਸ ਲੋਕ ਵਿਖੇ ਹੀ ਰਹਿ ਜਾਂਦਾ ਹੈ, ਅਗੇ ਥੰਮ ਤਪਿਆਂ ਨਾਲ ਕੀਹਨੂੰ ਲਾਉਣਾ ਹੈ। ਐਵੇਂ ਫੋਕਾ ਹੀ ਡੂਮ-ਡਰਾਵਾ ਹੈ। ਏਹਨਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਇਸ ਅਸਥੂਲ ਸਰੀਰ ਤੋਂ ਬਿਨਾਂ ਪ੍ਰਾਣੀ ਦਾ ਇਕ ਹੋਰ ਸੂਖਮ ਸਰੀਰ ਭੀ ਹੈ, ਜੋ ਅਸਥੂਲ ਸਰੀਰ ਵਿਚੋਂ ਨਿਕਲੀ ਆਤਮਾ ਦੇ ਨਾਲਿ ਹੀ ਜਾਂਦਾ ਹੈ। ਉਸ ਸੂਖਮ ਸਰੀਰ ਕਰਕੇ ਹੀ ਪਰਲੋਕ-ਗਮਨੀ ਰੂਹਾਂ ਦੀ ਵਖੋ ਵਖ ਵਜੂਦਨੀ ਹਸਤੀ ਬਣੀ ਰਹਿੰਦੀ ਹੈ। ਸੋ ਅਗੇ ਜਾ ਕੇ ਜਿਤਨੇ ਤਸੀਹੇ ਭੀ ਮਿਲਦੇ ਹਨ, ਇਸ ਸੂਖਮ ਸਰੀਰ ਨੂੰ ਹੀ ਮਿਲਦੇ ਹਨ। ਇਸ ਸੂਖਮ ਸਰੀਰ ਨਾਲਿ ਜਕੜਿਆ ਹੋਇਆ ਆਤਮਾ ਇਹਨਾਂ ਤਸੀਹਿਆਂ ਤੇ ਤ੍ਰਾਸ ਨੂੰ ਸਹਿੰਦਾ ਹੈ। ਇਹ ਅਗੇ ਗਇਆਂ ਪਤਾ ਲਗੂ। ਏਥੇ ਫੋਕੇ ਯਕੜ ਮਾਰਨ ਵਾਲਿਆਂ ਦੀ ਸਾਰੀ ਸ਼ੇਖੀ ਓਥੇ ਜਾ ਕੇ ਕਿਰਕਿਰੀ ਹੋ ਜਾਂਦੀ ਹੈ। ਇਹ ਸਾਰੀਆਂ ਨੁਕਤਾਚੀਨੀਆਂ, ਉਧੇੜ-ਬੁਣ ਦੀਆਂ ਏਥੇ ਹੀ ਰਹਿ ਜਾਣੀਆਂ ਹਨ। ਕੀ ਸਰਬੱਗ ਗੁਰੂ ਸਾਹਿਬਾਨ ਦੀ ਸਰਬੋਤਮ ਮਤਿ ਨਾਲੋਂ ਅਲਪਗ ਬੁਧੀ ਵਾਲਿਆਂ ਦੀ ਨੁਕਤਾਚੀਨੀ ਵਾਲੀ ਮਤਿ ਉਚੀ ਹੈ ? ਪਰਮਾਰਥ ਸ਼ਰਧਾ ਤੋਂ ਵਿਸ਼ਵਾਸ਼-ਹੀਣਿਆਂ ਦੀ ਮੱਤ ਸਦਾ ਹੀ ਕੁਮੱਤ ਹੈ, ਅਤੇ ਕੁਮਾਰਗ ਪਾਉਣ ਵਾਲੀ ਅਉਝੜੇ ਲੈ ਜਾਣ ਵਾਲੀ ਹੋਛੀ ਮਤਿ ਹੈ। ਅਜਿਹੀ ਕੱਚੀ ਮਤਿ ਪਿਛੇ ਜੋ ਲਗੇ ਹਨ ਸੋ ਪਿਛੋਂ ਪਛਤਾਉਣਗੇ ਤੇ ਅਗਲੀ ਦਰਗਾਹੇ ਜਾ ਕੇ ਜਮਾਂ ਦੇ ਧੱਕੇ ਖਾਣਗੇ। ਸੱਚੇ ਪਾਤਸ਼ਾਹ ਅਜਿਹੇ ਸ਼ਰਧਾ-ਹੀਣਾਂ ਨੂੰ ਸੁਮਤਿ ਬਖਸ਼ੇ ਜੋ ਗੁਰਸਿਖੀ ਦਾ ਸਰੂਪ ਧਾਰ ਕੇ ਭੀ ਤੇਰੀ ਬਾਣੀ ਦੇ ਤੱਤ ਭਾਵ ਤੋਂ ਮੁਨਹਰਫ ਹੋਏ ਹਨ।

ਪਾਧਾਣੂ ਸੰਸਾਰੁ ਗਾਰਬਿ ਅਟਿਆ॥
ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ॥



www.AKJ.Org

ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ॥
ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ॥
ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ॥
ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮ ਧਨੁ ਨਹੀ ਖਟਿਆ॥੧॥

(੪॥੨॥੩) ਜੈਤਸਰੀ ਛੰਤ ਮ: ੫, ਪੰਨਾ ੭੦੫

ਵਿਆਖਿਆ- ਸੰਸਾਰੀ ਲੋਕਾਂ ਦਾ ਭਰਿਆ ਹੋਇਆ ਸਾਰਾ ਸੰਸਾਰ ਮੁਸਾਫ਼ਰ ਹੈ, ਪਰ ਮਨ ਬਚਨ ਕਰਮ ਕਰਕੇ ਆਪਣੇ ਆਪਿ ਨੂੰ ਮੁਸਾਫ਼ਰ, ਰੈਣ-ਪਰਾਹੁਣਾ ਨਹੀਂ ਮੰਨਦਾ, ਸਗੋਂ ਸੱਚ ਮੁੱਚ ਗਰਬ ਅਹੰਮੇਵ ਦਾ ਹੀ ਅਟਿਆ ਹੋਇਆ ਹੈ। ਸੱਚ ਮੁੱਚ ਇਹ ਸੰਸਾਰ ਇਕ ਮੁਸਾਫ਼ਰਖਾਨਾ ਹੈ। ਇਸ ਸੰਸਾਰ ਰੂਪ ਮੁਸਾਫ਼ਰਾਨੇ ਵਿਚ ਰਹਿਣ ਵਾਲੇ ਸਾਰੇ ਸੰਸਾਰੀ ਲੋਗ ਮੁਸਾਫ਼ਰ ਹਨ। ਪਰ ਸਾਰੇ ਹੀ ਸੰਸਾਰੀ ਲੋਗ ਹੰਕਾਰ ਦੇ ਹੀ ਲੱਦੇ ਹੋਏ ਹਨ। ਜੋ ਆਪਣੇ ਆਪ ਨੂੰ ਮੁਸਾਫ਼ਰ ਕਰਕੇ ਜਾਨਣ ਤਾਂ ਥੋੜੇ ਦਿਨਾਂ ਦੀ ਖ਼ਾਤਰ ਹੰਕਾਰ ਗਰਬ ਕਿਉਂ ਕਰਨ ? ਜੇ ਦੁਨੀਆ ਨੂੰ ਫ਼ਨਾਹ ਦਾ ਮੁਕਾਮ ਜਾਨਣਿ ਤਾਂ ਕਾਹਦੇ ਲਈ ਐਡੇ ਗਰਬ-ਅੱਟੇ ਅਡੰਬਰ ਕਰਨ ? ਪ੍ਰੰਤੂ ਪਰਤੱਖ ਦੇਖਣ ਵਿਚ ਇਹ ਆਉਂਦਾ ਹੈ ਕਿ ਸਾਰੇ ਹੀ ਸੰਸਾਰ ਦੇ ਲੋਗ ਗਰਬ ਦੇ ਅੱਟੇ ਹੋਏ ਹੀ ਫਿਰਦੇ ਹਨ। ਪਏ ਫਿਰਨ, ਪਰ ਪ੍ਰਮਾਰਥ ਵਿਚਿ ਲੱਤ ਕਿਉਂ ਅੜਾਉਣ। ਇਹ ਸੰਸਾਰੀ ਲੋਗ ਗਰਬ ਦੇ ਅੱਟੇ ਹੋਏ ਅਤੇ ਮਾਇਆ ਦੇ ਕਸੁੰਭੀ ਰੰਗ ਵਿਚ ਕਚਾਹੁੱਟੇ ਹੋਏ ਅਣਗਿਣਤ ਪਾਪ ਕਰਮ ਨਿਤਾਪਤਿ ਕਰਦੇ ਹਨ। ਲੋਭ ਮੋਹ ਅਭਿਮਾਨ ਵਿਚਿ ਨਿਕਾ ਨੱਕ ਡੁੱਬੇ ਹੋਏ ਏਹਨਾਂ ਸੰਸਾਰੀ ਲੋਗਾਂ ਨੂੰ ਮੌਤ ਚੇਤੇ ਹੀ ਨਹੀਂ ਆਉਂਦੀ। ਓਹਨਾਂ ਦੀ ਸਾਰੀ ਉਮਰ ਮੈਂ-ਮੇਰੀ ਕਰਦਿਆਂ ਦੀ ਬਿਹਾਉਂਦੀ ਹੈ : ਇਹ ਮੇਰੇ ਪੁੱਤਰ ਹਨ; ਇਹ ਮੇਰੇ ਮਿਤਰ ਹਨ; ਮੇਰੇ ਏਤਨੇ ਬੜੇ ਬੜੇ ਕਾਰ ਵਿਹਾਰ ਹਨ; ਐਸੀ ਸੁੰਦਰ ਸੁਘੜ ਮੇਰੀ ਇਸਤ੍ਰੀ। ਬਸ ਇਹੋ ਜਿਹੀ ਮੈਂ-ਮੇਰੀ ਦੀਆਂ ਅਹੰਕਾਰ-ਬਾਦ ਬਫੂਲੀਆਂ ਗੱਲਾਂ ਕਰਦਿਆਂ ਹੀ ਵਿਹਾਉਂਦੀ ਹੈ। ਓੜਕ ਅਉਧ ਪੁੰਨੀ ਤੋਂ ਧੁਰਿ ਲਿਖੇ ਦਿਨ ਅੰਤ-ਕਾਲ ਦੇ ਸਿਰ ਤੇ ਆਣ ਪੁਜਦੇ ਹਨ। ਉਦੋਂ ਦੁਖੁ ਲਗਦਾ ਹੈ ਜਦੋਂ ਜਾਨ ਕਢਣ ਲਈ ਆਏ ਧਰਮਰਾਇ ਦੇ ਦੂਤਾਂ ਨੂੰ ਸਿਰ ਤੇ ਖੜੇ ਦੇਖਦਾ ਹੈ। ਪਰ ਫੇਰ ਕੀ ਬਣਦਾ ਹੈ ? ਕਿਰਤ ਕਰਮ ਕਦੇ ਮਿਟਦਾ ਨਹੀਂ। ਭੁਗਤਣਾ ਹੀ ਪੈਂਦਾ ਹੈ। ਮਿਟੇ ਤਾਂ, ਜੇ ਨਾਮ-ਧਨ ਖਟਿਆ ਹੋਵੇ। ਪਰ ਇਹ ਨਾਮ-ਧਨ ਖਟਿਆ ਨਹੀਂ ਗਿਆ। ਤਾਂਤੇ ਮੰਦ ਕਰਮਾਂ ਦੀ ਕਿਰਤ ਦਾ ਲੇਖਾ ਮਿਟਦਾ ਨਹੀਂ, ਨਾ ਮਿਟ ਸਕਦਾ ਹੈ। ਖ਼ਬਰੇ, ਕਿੰਨੀਆਂ ਜਨਮ-ਜੋਨੀਆਂ ਵਿਚਿ ਖਜਲ ਖੁਆਰ ਹੋਣਾ ਬਣੇਗਾ। ਨਾਮ ਜਪਿਆਂ ਨਾਮ ਧਨ ਸੰਚਿਆਂ ਕਿਰਤ ਕਰੰਮੀ ਲੇਖਾ ਸਭ ਮਿਟ ਜਾਂਦਾ ਹੈ। ਐਵੇਂ ਨਹੀਂ ਮਿਟਦਾ।

ਪਾਪ ਪੁੰਨ ਵਰਤੈ ਸੰਸਾਰਾ॥ ਹਰਖੁ ਸੋਗੁ ਸਭੁ ਦੁਖੁ ਹੈ ਭਾਰਾ॥
ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ॥੬॥
ਕਿਰਤੁ ਨ ਕੋਈ ਮੇਟਣਹਾਰਾ॥ ਗੁਰ ਕੈ ਸਬਦੇ ਮੋਖ ਦੁਆਰਾ॥
ਪੂਰਬਿ ਲਿਖਿਆ ਸੋ ਫਲੁ ਪਾਇਆ ਜਿਨਿ ਆਪੁ ਮਾਰਿ ਪਛਾਤਾ ਹੇ ॥੭॥
ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ॥
ਦੂਜੈ ਭਾਇ ਘਣਾ ਦੁਖੁ ਆਗੈ॥
ਮਲਮੁਖ ਭਰਮਿ ਭੁਲੇ ਭੇਖਧਾਰੀ ਅੰਤਕਾਲਿ ਪਛੁਤਾਤਾ ਹੇ॥੮॥

(੧੬॥੯) ਮਾਰੂ ਮ: ੩, ਪੰਨਾ ੧੦੫੨

ਵਿਆਖਿਆ - ਸਾਰਾ ਸੰਸਾਰ ਪਾਪ ਤੇ ਪੁੰਨ ਦੇ ਕਰਮਾਂ ਦੇ ਵਰਤਾਰੇ ਵਿਚ ਹੀ ਵਰਤ ਰਹਿਆ ਹੈ। ਪਾਪਾਂ ਤੇ ਪੁੰਨਾਂ ਦੇ ਕਰਮ ਕਰਨ ਵਿਚਿ ਹੀ ਸਾਰੇ ਸੰਸਾਰੀ ਲੋਗ ਪਰਵਿਰਤ ਹੋ ਰਹੇ ਹਨ। ਪਾਪ ਕਰਮ ਕਰਨ ਵਾਲੇ ਲੋਗ ਸੋਗ ਰੋਗ ਵਿਚਿ ਗ੍ਰਸਤ ਰਹਿੰਦੇ ਹਨ। ਪੁੰਨ ਕਰਮ ਕਰਨ ਵਾਲੇ ਲੋਗ ਪੁੰਨੀ ਮਸ਼ਹੂਰ ਹੋ ਕੇ ਖੁਸ਼ ਹੁੰਦੇ ਹਨ। ਪਰ ਇਹ ਖੁਸ਼ੀ ਤੇ ਸੋਗ ਦੋਵੇਂ ਹੀ ਦੁਖੁ ਰੂਪ ਹਨ। ਏਹਨਾਂ ਵਿਚਿ ਸੱਚੇ ਸੁਖ ਦਾ,

ਸੱਚੇ ਪਰਮਾਰਥੀ ਸੁਖ ਦਾ, ਤੋੜ ਨਿਭਣ ਵਾਲੇਂ ਹਕੀਕੀ ਸੁਖ ਦਾ ਮੁਸ਼ਕ ਮਾਤ੍ਰ ਭੀ ਨਹੀਂ। ਸਗੋਂ ਭਾਰਾ ਦੁਖ ਹੈ। ਦੋਵੇਂ ਪਾਪੀ ਪੁੰਨੀ ਲੋਗ ਦੁਖੀ ਹੀ ਹਨ। ਭਾਰੇ ਦੁਖ ਵਿਚਿ ਦੁਖੀ ਹੋ ਕੇ ਮਰਦੇ ਹਨ। ਪਾਪ ਕਰਨੇ ਤਾਂ ਹੈ ਹੀ ਸੋਗ ਰੂਪ ਰੋਗ ਰੂਪ ਜੋ ਨਿਰਾ ਹੀ ਦੁਖਾਂ ਦਾ ਘਰ ਹੈ, ਪ੍ਰੰਤੂ ਪੁੰਨ ਕਰਮ ਕਰਨ ਵਾਲਾ ਭੀ ਕੋਈ ਸੁਖੀ ਨਹੀਂ। ਤਿਨ੍ਹਾਂ ਨੂੰ ਮਾਯਾਵੀ ਸੁਖ ਭੀ ਨਹੀਂ ਮਿਲਦਾ। ਪੁੰਨ ਕਰਮ ਕੀਤੇ ਹੀ ਆਮ ਤੌਰ ਤੇ ਤਾਂ ਜਾਂਦੇ ਹਨ ਕਿ ਪੁੰਨ ਕਰਮ ਕਰਨਹਾਰੇ ਨੂੰ ਉਸਦੇ ਕੀਤੇ ਪੁੰਨ-ਕਰਮਾਂ ਦਾ ਫਲ ਮਿਲੇ। ਨਿਸ਼ਕਾਮਤਾ ਨਿਰਮਾਣਤਾ ਦਾ ਤਾਂ ਪੁੰਨ-ਕਰਮ ਕਰਨਹਾਰੇ ਵਿਚਿ ਨਮੂਦ ਭੀ ਨਹੀਂ ਹੁੰਦਾ, ਜਿਸ ਕਰਕੇ ਸੱਚੇ ਸੁਖ ਦੀ ਪ੍ਰਾਪਤੀ ਪੁੰਨ-ਕਰਮੀਆਂ ਨੂੰ ਕਦੇ ਨਹੀਂ ਮਿਲਦੀ। ਸੁਆਰਥ ਹਿਤ, ਮਾਯਾਵੀ ਮਨੋਰਥ ਹਿਤ, ਦੁਨੀਆਂ ਦੀ ਮਾਨ-ਵਡਿਆਈ ਹਿਤ ਹੀ ਪੁੰਨ ਕਰਮ ਕੀਤੇ ਜਾਂਦੇ ਹਨ। ਜੇ ਪੁੰਨ ਕਰਮ ਕੀਤਿਆਂ ਪੁੰਨ ਦਾ ਫਲ ਨਾ ਮਿਲੇ ਤੇ ਸੁਆਰਥ ਸੁਆਉ ਹੋਇ ਨਾ ਆਵੇ ਤਾਂ ਹਰ੍ਖ ਦੇ ਥਾਉਂ ਸਗੋਂ ਸੋਗ ਸੰਤਾਪ ਹੀ ਹੁੰਦਾ ਹੈ। ਜੈਸਾ ਪਾਪ-ਸੰਤਾਪੀਆਂ ਨੂੰ ਦੁਖ ਤੈਸਾ ਪੁੰਨ-ਪਰਤਾਪੀਆਂ ਨੂੰ ਦੁਖ। ਪੁੰਨ ਕਰਮ ਏਸ ਨਮਿਤ ਕਰਨੇ ਕਿ ਅਗਲੀ ਦੁਨੀਆ ਵਿਚ ਮਾਯਾਵੀ ਮਨੋਰਥ ਦਹਿ-ਦੂਣੇ ਹੋ ਕੇ ਫਲਣਗੇ ਮਹਾਂ ਅਗਿਆਨਤਾ ਵਾਲਾ ਸੌਦਾ ਹੈ। ਲੋਕ ਸੁਖੀ ਤੇ ਪਰਲੋਕ ਸੁਹੇਲੇ ਰਖਣ ਵਾਲੇ ਇਹ ਪੁੰਨ-ਕਰਮ ਕਦੇ ਹੋ ਹੀ ਨਹੀਂ ਸਕਦੇ। ਬਹੁਤਾ ਵਿਸਥਾਰ ਕੀਤਿਆਂ ਪਾਪ ਕਰਮਾਂ ਤੇ ਪੁੰਨ ਕਰਮਾਂ ਦਾ ਪੁਸਤਕ ਬਣ ਜਾਣਾ ਹੈ। ਇਸ ਕਰਕੇ ਇਸ ਪ੍ਰਥਾਇ ਏਤਨਾ ਲਿਖਣਾ ਹੀ ਕਾਫ਼ੀ ਹੈ।

"ਹਰਖੁ ਸੋਗੁ ਸਭੁ ਦੁਖੁ ਹੈ ਭਾਰਾ" ਵਾਲੀ ਗੁਰਵਾਕ ਪੰਗਤੀ ਵਿਚਿ ਹਰਖ ਸੋਗ ਦੋਹਾਂ ਦੇ ਦੁਖੁ ਰੂਪ ਹੋਣ ਦੀ ਸਚਿਆਈ ਭਲੀ ਬਿਧਿ ਸਿਧ ਹੋ ਗਈ। ਵਾਸਤਵ ਵਿਚ ਸੁਖੀਆ ਕਉਣ ਹੈ ਤੇ ਕਿਸ ਨੂੰ ਸੱਚਾ ਸੁਖ ਪ੍ਰਾਪਤਿ ਹੁੰਦਾ ਹੈ, ਇਸ ਗੱਲ ਦੀ ਸਚਿਆਈ ਇਸ ਅਗਲੇਰੀ ਨਾਲਿ ਦੀ ਤੁਕ ਵਿਚਿ ਹੈ-

ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ॥

ਬਸ ਸਾਫ਼ ਸਪਸ਼ਟ ਫ਼ੈਸਲਾ ਹੋਇਆ ਕਿ ਗੁਰਮੁਖਿ ਸਿਖ ਨੂੰ ਹੀ ਸਦਾ ਸੁਖ ਪ੍ਰਾਪਤਿ ਹੋ ਸਕਦਾ ਹੈ। ਸੋਈ ਗੁਰਮੁਖ ਜਨ ਵਾਸਤਵ ਵਿਚਿ ਸੁਖੀ ਹੈ, ਜਿਸ ਨੇ ਵਾਹਿਗੁਰੂ ਨਾਮ ਨੂੰ ਚੀਨ ਲਿਆ ਹੈ ਗੁਰੂ ਸਤਿਗੁਰੂ ਦੀਖਿਆ ਦੁਆਰਾ ਹੀ ਨਾਮ ਵਾਹਿਗੁਰੂ ਚੀਨਿਆ ਪਛਾਣਿਆ ਜਾ ਸਕਦਾ ਹੈ। ਜਿਨ੍ਹਾਂ ਗੁਰਮੁਖਾਂ ਨੇ ਨਾਮ ਪਛਾਤਾ ਹੈ ਤਿਨ੍ਹਾਂ ਨੇ ਹੀ ਨਾਮ ਅਭਿਆਸ ਕਮਾਈ ਦਾ ਸੱਚਾ ਭੇਦ ਜਾਤਾ ਹੈ। ਇਹ ਗੁਰਮਤਿ ਭੇਦ ਵਾਲੀ ਨਾਮ ਕਮਾਈ ਕੀਤਿਆਂ ਸੱਚੇ ਪਰਮਾਰਥੀ ਸੁਖਾਂ ਦੀ, ਅਬਦੀ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਨਾਮ ਅਭਿਆਸ ਰੂਪੀ ਸੱਚੜੇ ਕਰਮ ਦੀ ਸੱਚੜੀ ਕਿਰਤ, ਕਮਾਈ ਨੂੰ ਕੋਈ ਮੇਟਣਹਾਰਾ ਨਹੀਂ। ਇਹ ਕਮਾਈ ਕੀਤਿਆਂ ਅਵੱਸ਼ ਸੱਚੇ ਸੁਖ ਦੀ ਪ੍ਰਾਪਤੀ ਦੋਹੀਂ ਲੋਕੀਂ ਹੁੰਦੀ ਹੈ। ਗੁਰ ਕੈ ਸ਼ਬਦ ਅਭਿਆਸ ਦੁਆਰਾ ਹੀ ਮੋਖ ਦੁਆਰ ਦੀ ਪ੍ਰਾਪਤੀ ਹੁੰਦੀ ਹੈ ਮੋਖ ਦੁਆਰੜੇ ਦਾ ਸੁਖੁ ਕਦੇ ਸੰਸਾਰਕ ਸੁਖਾਂ ਤੋਂ ਹੋ ਸਕਦਾ ਹੈ ? ਕਦੇ ਨਹੀਂ। ਜਿਨ੍ਹਾਂ ਨੇ ਆਪਾ ਮਾਰ ਕੇ ਸ਼ਬਦ ਮਾਰਗ ਨੂੰ ਪਛਾਣਿਆ ਹੈ, ਤਿਨ੍ਹਾਂ ਉਪਰ ਭੀ ਪੂਰਬਲੇ ਕਰਮਾਂ ਕਰਕੇ ਕਿਰਪਾਲੂ ਦੀ ਕਿਰਪਾ ਹੋਈ ਜਾਣੋ। ਪੂਰਬ ਲਿਖੇ ਸ਼ੁਭ ਕਰਮਾਂ ਦਾ ਫਲ ਤਿਨ੍ਹਾਂ ਨੇ ਹੀ ਪਾਇਆ ਹੈ। ਮਾਇਆ-ਮੋਹ ਦੇ ਪ੍ਰਭਾਵ ਕਰਕੇ ਮਾਇਆ-ਮਮਤਾਵੀ ਜੀਵ ਦਾ ਵਾਹਿਗੁਰੂ ਨਾਲਿ ਤੇ ਵਾਹਿਗੁਰੂ-ਨਾਮ ਨਾਲਿ ਚਿਤ ਲਗਦਾ ਹੀ ਨਹੀਂ। ਓਹ ਦੂਜੇ ਭਾਇ ਦੇ ਦੁਕ੍ਰਿਤ ਕਰਮ ਹੀ ਕਰਦੇ ਹਨ। ਜਿਨ੍ਹਾਂ ਦੇ ਕਰਨ-ਕਰਕੇ, ਅਗੇ ਜਾ ਕੇ (ਅਗਲੇ ਲੋਕ ਵਿਚ) ਓਹਨਾਂ ਨੂੰ ਅੱਤ ਘਣਾ ਤੇ ਬਹੁਤ ਵਧੇਰਾ ਦੁਖੁ ਹੁੰਦਾ ਹੈ। ਇਹ ਦੁਕ੍ਰਿਤ ਕਰਮ ਆਨਮਤੀ ਭੇਖਧਾਰੀ ਲੋਗ ਹੀ ਕਰਦੇ ਹਨ। ਅਜਿਹੇ ਮਨਮੁਖ ਗਵਾਰ ਲੋਗ ਅੰਤ ਨੂੰ ਪਛੋਤਾਉਂਦੇ ਹਨ।

ਮਾਇਆ ਮੋਹਿ ਬਹੁ ਭਰਮਿਆ॥ ਕਿਰਤ ਰੇਖ ਕਰਿ ਕਰਮਿਆ.....॥੬॥

(੮॥੨) ਬਸੰਤੁ ਮ: ੫, ਪੰਨਾ ੧੧੯੩

ਮਨਮੁਖੀ ਗਾਵਾਰ ਮਨੁਖ ਆਪਣੀ ਪੂਰਬਲੀ ਕਿਰਤ-ਕਰੰਮੀ ਰੇਖਾ ਲਿਖਤਕਾਰ ਦੇ ਅਧੀਨ ਹੀ ਵਸ ਹੋ ਕੇ ਕਰਮ ਕਰਦਾ ਹੈ। ਅਤੇ ਬਹੁਤਾ ਮਾਇਆ ਮੋਹ ਦੇ ਵਿਚ ਭਰਮਿਆ ਹੋਇਆ ਇਹ ਕਰਮ ਕਮਾਉਂਦਾ ਹੈ, ਜੋ ਥਾਂਇ ਨਹੀਂ ਪੈਂਦੇ।


www.AKJ.Org

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥੧॥

(ਬਾਰਹਮਾਹਾ ਮਾਂਝ ਮ: ੫ ਘਰ ੪ ਪੰਨਾ ੧੩੩)

ਭਾਵ- ਕਿਰਤ ਕਰਮ ਦੇ ਵਿਛੜਿਆਂ ਦਾ ਮੇਲਾ ਵਾਹਿਗੁਰੂ ਦੀ ਖ਼ਾਸ ਕਿਰਪਾ ਨਾਲਿ ਹੀ ਹੁੰਦਾ ਹੈ। ਨਹੀਂ ਤਾਂ ਜਨਮਾਂ ਜਨਮਾਂ ਵਿਚਿ ਭਉਂਦਿਆਂ ਦਾ ਮੁੜਿ ਮੇਲਾ ਹੋਣਾ ਬੜਾ ਹੀ ਅਸੰਭਵ ਹੈ।

ਕਿਰਤੁ ਪਇਆ ਨਹ ਮੇਟੈ ਕੋਇ॥ ਕਿਆ ਜਾਣਾ ਕਿਆ ਆਗੈ ਹੋਇ॥
ਜੋ ਤਿਸੁ ਭਾਣਾ ਸੋਈ ਹੂਆ॥ ਅਵਰੁ ਨ ਕਰਣੈ ਵਾਲਾ ਦੂਆ॥੧॥
ਨਾ ਜਾਣਾ ਕਰਮ ਕੇਵਡ ਤੇਰੀ ਦਾਤਿ॥
ਕਰਮੁ ਧਰਮੁ ਤੇਰੇ ਨਾਮ ਕੀ ਜਾਤਿ॥੧॥ ਰਹਾਉ॥ (੪॥੧੦) (ਗਉੜੀ ਮ: ੧, ਪੰਨਾ ੧੫੪)

ਜੋ ਪਿਛਲੇ ਕਰਮਾਂ ਦਾ ਕਿਰਤ-ਕਰਤਤੀ ਲੇਖ ਪਿਆ ਹੈ ਤਿਸ ਨੂੰ ਕੋਈ ਮੇਟ ਨਹੀਂ ਸਕਦਾ। ਏਸ ਗੱਲ ਦੇ ਜਾਨਣ ਦੀ ਪਰਵਾਹ ਨਹੀਂ ਕਿ ਅਗੇ ਨੂੰ ਕੀ ਹੋਵੇਗਾ। ਬਸ, ਉਹੀ ਹੋਵੇਗਾ ਜੋ ਕਰਮ ਦੀ ਕਿਰਤ-ਲੇਖਾ ਵਿਚਿ ਲਿਖਿਆ ਹੋਇਆ ਹੈ। ਸਾਰਿਆਂ ਦੇ ਕਰਮਾਂ ਦੀ ਕਿਰਤ-ਡੋਰੀ ਉਸ ਕਰਤੇ ਪੁਰਖ ਦੇ ਹਥਿ ਹੀ ਹੈ। ਜੋ ਤਿਸ ਕਰਤਾਰ ਦਾ ਭਾਣਾ ਹੈ, ਸੋਈ ਹੋਣਾ ਹੈ। ਪਹਿਲਾਂ ਹੋਇਆ ਤੇ ਅੱਗੇ ਨੂੰ ਹੋਵੇਗਾ। ਕਰਣੇ ਵਾਲਾ ਹੋਰ ਦੂਜਾ ਕੋਈ ਹੈ ਹੀ ਨਹੀਂ। ਕਰਮਾਚਾਰੀ ਜੀਵ ਨੂੰ ਖ਼ੁਦ ਕੀ ਪਤਾ ਹੈ ਕਿ ਕਰਮਾਂ ਦੀ ਹੈਅਤ-ਮਾਹੀਅਤ (ਮਹੱਤਤਾ) ਕਿਤਨੀ ਕੁ ਹੈ। ਏਵਡ ਵਡੀਰ ਅਤੇ ਕਰਮ ਕਰਾਵਨਹਾਰ ਦਾਤਾਰ ਦੀ ਕਰਮ-ਦਾਤਿ ਕਿਤਨੀ ਕੁ ਹੈ ਕਰਮ ਧਰਮ ਸਭ ਤੇਰੇ ਨਾਮ ਦੀ ਜਾਤਿ ਵਿਚਿ ਹੀ ਹਨ। ਜਿਸ ਨੇ ਤੇਰਾ ਨਾਮ ਜਪ ਲਿਆ, ਉਸ ਨੇ ਸਾਰੇ ਕਰਮ ਧਰਮ ਕਰ ਲਏ। ਸਾਰੇ ਕਰਮ ਧਰਮ ਨਾਮ ਵਿਚਿ ਹੀ ਆ ਗਏ। ਇਹ ਕਰਮ ਧਰਮ ਕਰਨ ਦੀ ਨਾਮ ਜਪਣ ਵਾਲੇ ਨੂੰ ਲੋੜ ਹੀ ਨਹੀਂ ਰਹੀ।

ਕੁੰਟ ਚਾਰਿ ਦਹਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ॥
ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ॥੧॥੧੭॥

(ਸਲੋਕ ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੩

ਭਾਵ- ਕਰਮਾਂ ਦੀ ਕਿਰਤ-ਰੇਖਾ ਅਨੁਸਾਰ ਕਰਮਚਾਰੀ ਜੀਵ ਚੌਹਾਂ ਕੁੰਟਾਂ ਅਤੇ ਦਸੋਂ ਹੀ ਦਿਸਾਵਾਂ ਵਿਖੇ ਭਰਮਦੇ ਫਿਰਦੇ ਹਨ। ਓਹਨਾਂ ਨੇ ਜੋ ਸੂਖ ਦੂਖ ਭੁਗਤਣੇ ਹਨ ਓਹ ਪਹਿਲਾਂ ਹੀ ਉਹਨਾਂ ਦੇ ਲੇਖਾਂ ਵਿਚਿ ਲਿਖਣਹਾਰ ਨੇ ਲਿਖ ਦਿਤੇ। ਜਿਸਦੇ ਕਰਮਾਂ ਵਿਚਿ ਕਿਰਤ-ਰੇਖਾ ਅਨੁਸਾਰ ਮੁਕਤੀ ਲਿਖੀ ਹੈ, ਉਸਨੂੰ ਮੁਕਤੀ ਮਿਲਦੀ ਹੈ। ਜੀਹਨਾਂ ਨੇ ਜੂਨੀਆਂ ਭੁਗਤਣੀਆਂ ਹਨ ਓਹਨਾਂ ਦੀ ਕਿਰਤ-ਕਰੰਮੀ ਰੇਖਾ ਵਿਚਿ ਜੂਨੀਆਂ ਭੋਗਣਾਂ ਪਹਿਲਾਂ ਹੀ ਲਿਖ ਦਿਤਾ ਹੋਇਆ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਇਹ ਸਭ ਕੁਛ ਕਿਰਤ-ਕਰੰਮੀ ਰੇਖ ਲੇਖ ਅਨੁਸਾਰ ਹੀ ਲਿਖ ਦਿਤਾ ਹੋਇਆ ਹੈ। ਲਿਖਣਹਾਰ ਅਗਾਧ ਅਨੰਤ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਇਹ ਸਭ ਕੁਝ ਕਿਰਤ-ਕਰੰਮੀ ਲੇਖ ਅਨੁਸਾਰ ਹੀ ਲਿਖ ਦਿਤਾ ਹੋਇਆ ਹੈ, ਲਿਖਣਹਾਰ ਕਰਤਾਰ ਨੇ। (ਚਲਦਾ)

---

**ਖਾਲਸੇ ਦੇ 300 ਸਾਲਾ ਸਾਜਨਾ ਵਰ੍ਹੇ ਅਤੇ ਦਸਮ ਪਾਤਸ਼ਾਹ ਦੇ ਆਗਮਨ ਪੁਰਬ ਦੀ ਖੁਸ਼ੀ ਵਿਚ ਸੂਰਾ ਵੱਲੋਂ ਆਪ ਜੀ ਦੇ ਮਿੱਤਰਾਂ ਸਨੇਹੀਆਂ ਲਈ ਖ਼ਾਸ ਤੋਹਫ਼ਾ-**

ਗੁਰਮਤਿ ਪ੍ਰਚਾਰ ਦੀ ਮੁਹਿੰਮ ਨੂੰ ਹੱਲਾਸ਼ੇਰੀ ਦੇਣ ਲਈ ਸੂਰਾ ਵੱਲੋਂ ਜਨਵਰੀ ਮਹੀਨੇ ਵਿਚ ਸੂਰਾ ਦੇ ਬਣਨ ਵਾਲੇ ਨਵੇਂ ਮੈਂਬਰਾਂ ਨੂੰ ਸਿਰਫ਼ ਇਕ ਸਾਲ ਦੇ ਇਕ ਚੰਦੇ ਵਿਚ ਹੀ ਦੋ ਵੱਖ- ਵੱਖ ਪਤਿਆਂ ਤੇ ਇਕ ਸਾਲ ਲਈ ਸੂਰਾ ਜਾਰੀ ਕੀਤਾ ਜਾਵੇਗਾ। ਇਹ ਦੂਸਰਾ ਪਤਾ ਤੁਸੀ ਕਿਸੇ ਵੀ ਮਿੱਤਰ ਸਨੇਹੀ ਜਾਂ ਗੁਰਮਤਿ ਸਾਹਿਤ ਪੜ੍ਹਨ ਦੇ ਚਾਹਵਾਨ ਸੱਜਣ ਦਾ ਦੇ ਸਕਦੇ ਹੋ ਇਸੇ ਪ੍ਰਕਾਰ ਨਵੇਂ ਬਣਨ ਵਾਲੇ ਲਾਈਫ਼ ਮੈਂਬਰ ਕਿਸੇ ਵੀ ਦੋ ਅਲੱਗ ਅਲੱਗ ਪਤਿਆਂ ਤੇ ਇਕ ਸਾਲ ਲਈ ਸੂਰਾ ਬਿਲਕੁਲ ਮੁਫਤ ਲਵਾ ਸਕਦੇ ਹਨ। (ਸੰਪਾਦਕ)

# ਦਸਮ ਪਾਤਸ਼ਾਹ ਦੀ ਆਖਰੀ ਜੰਗ-(ਮੁਕਤਸਰ ਵਿਖੇ)

(ਪ੍ਰਿੰ: ਸਤਿਬੀਰ ਸਿੰਘ)

ਗੁਰੂ ਗੋਬਿੰਦ ਸਿੰਘ ਜੀ ਚਮਕੌਰ ਸਾਹਿਬ ਤੋਂ ਮਾਛੀਵਾੜਾ, ਕਿੜੀ ਪਠਾਣਾਂ ਘੁੰਘਰਾਲੀ, ਮਾਨੂੰਪੁਰ ਅਜ਼ਨੇਰ, ਦੁਰਾਹਾ, ਕਨੇਚ, ਹੇਹਰ, ਜੱਟਪੁਰਾ, ਦੀਨਾ ਗੁਰੂਸਰ, ਭਗਤਾ, ਭੂੰਦੜ, ਬਹਿਬਲ ਸਰਾਵਾਂ, ਕੋਟਕਪੂਰਾ,ਢਿਲਵਾਂ, ਮਲੂਕੇ ਦਾ ਕੋਟ, ਪੱਤੋ, ਜੈਤੋ, ਮਨੋਅਣਾ ਤੋਂ ਹੁੰਦੇ ਖਿਦਰਾਣਾ ਦਾ ਢਾਬ ਕੋਲ ਪੁੱਜੇ ਹੀ ਸਨ ਕਿ ਸ਼ਾਹੀ ਟੁਕੜੀ ਨੇ ਹੱਲਾ ਬੋਲ ਦਿੱਤਾ। ਉਹ ਸਿੰਘ ਜੋ ਬੇਦਾਵਾ ਦੇ ਕੇ ਗਏ ਸਨ, ਮਾਈ ਭਾਗੋ ਦੀ ਵੰਗਾਰ ਪਾਉਣ 'ਤੇ ਮਹਾਰਾਜ ਤੋਂ ਖਿਮਾ ਲੈਣ ਆਏ ਸਨ, ਰਸਤੇ ਵਿਚ ਸਰਹਿੰਦ ਦੀ ਫ਼ੌਜ ਨਾਲ ਟੱਕਰ ਪਏ। ਗੁਰੂ ਜੀ ਨੂੰ ਸੂਹ ਮਿਲ ਗਈ ਸੀ ਕਿ ਸ਼ਾਹੀ ਫ਼ੌਜਾਂ ਪਿੱਛਾ ਕਰ ਰਹੀਆਂ ਹਨ, ਸੋ ਪਾਣੀ ਨੇੜੇ ਜਾਣ, ਖਿਦਰਾਣੇ ਦੀ ਢਾਬ ਨੂੰ ਮੱਲ ਲਿਆ। ਆਪ ਟਿੱਬੀ 'ਤੇ ਜਾ ਬਿਰਾਜੇ ਤੇ ਹਮਲਾਵਰ ਟੁਕੜੀ ਦਾ ਸਾਹਮਣਾ ਕਰਨ ਲਈ ਸਿੰਘਾਂ ਨੂੰ ਭੇਜਿਆ। ਮਾਝੇ ਤੋਂ ਆਏ ਸਿੰਘਾਂ ਨੇ ਵੀ ਮੌਕਾ ਦੇਖ ਸ਼ਾਹੀ ਫ਼ੌਜਾਂ 'ਤੇ ਹਮਲਾ ਬੋਲ ਦਿੱਤਾ। ਇਤਨਾ ਘਮਸਾਣ ਦਾ ਯੁੱਧ ਹੋਇਆ ਕਿ ਸ਼ਾਹੀ ਫ਼ੌਜਾਂ ਦੁੰਮ ਦਬਾ ਕੇ ਭੱਜ ਗਈਆਂ। ਗੁਰੂ ਜੀ ਨੇ ਜਦ ਸਿੰਘਾਂ ਦੀਆ ਸ਼ਹੀਦੀ ਦੇਹਾਂ ਨੂੰ ਤੱਕਿਆ ਤਾਂ ਪਾਸ ਪੁੱਜ ਕੇ ਪੰਜ ਹਜ਼ਾਰੀ, ਦਸ ਹਜ਼ਾਰੀ, ਤੀਸ ਹਜ਼ਾਰੀ, ਲਾਹੌਰ ਦੀ ਸੂਬੇਦਾਰੀ, ਕੰਧਾਰ ਦਾ ਰਾਜ ਸਾਜ, ਮੁਲਤਾਨ ਦੀ ਸੂਬੇਦਾਰੀ, ਦਿੱਲੀ ਦਾ ਬਾਦਸ਼ਾਹ, ਬਿਬੇਕੀ, ਪਰਬਤਾਂ ਦਾ ਰਾਜ, ਕਾਬਲ ਦੀ ਬਾਦਸ਼ਾਹੀ, ਕਾਸ਼ੀਪਤੀ, ਬਲਖ਼ ਬੁਖ਼ਾਰਾਂ ਦਾ ਬਾਦਸ਼ਾਹ, ਤੁਰਕੀ ਦਾ ਤਖ਼ਤ ਦੇ ਖ਼ਿਤਾਬ ਦਿੱਤੇ। ਕੁਝ ਦੂਰੀ 'ਤੇ ਭਾਈ ਰਾਇ ਸਿੰਘ, ਭਾਈ ਸੁੰਦਰ ਸਿੰਘ ਤੇ ਭਾਈ ਮਹਾਂ ਸਿੰਘ ਜੀ ਫੱਟੜ ਪਏ ਸਨ। ਆਪ ਜੀ ਨੇ ਭਾਈ ਮਹਾਂ ਸਿੰਘ ਦੇ ਪਾਸ ਬੈਠ ਆਪਣੇ ਰੁਮਾਲ ਨਾਲ ਉਸ ਦੇ ਚਿਹਰੇ ਤੋਂ ਲਹੂ ਪੂੰਝਿਆ ਤੇ ਕਿਹਾ ਕਿ ਕੁਝ ਮੰਗੋ। ਭਾਈ ਮਹਾਂ ਸਿੰਘ ਨੇ ਕਿਹਾ ਕਿ ਜੇ ਤੁਠੇ ਹੋ ਤਾਂ ਲਿਖਿਆ ਬੇਦਾਵਾ ਪਾੜ ਦਿਓ।

"ਅਨੰਦਪੁਰ ਲਿਖਿਆ ਹਦ ਨਿਕਾਰੋ । ਹਮਰੇ ਨੈਨਨ ਤੀਰ ਨਿਕਾਰੀ ।
ਕੀਜੈ ਵਹੁ ਕਾਗਦ ਅਬ ਫਾਰੀ ।" (ਗੁਰ ਬਿਲਾਸ ਪਾਤਸ਼ਾਹੀ ੧੦ਵੀਂ)

ਮਹਾਰਾਜ ਨੇ ਕਿਹਾ ਕਿ ਤੂੰ ਕੀ ਮੰਗ ਲਿਆ। ਉਨ੍ਹਾਂ ਸ਼ਹੀਦ ਸਿੰਘਾਂ ਨੂੰ ਰਾਜ ਸਾਜ ਪਾਤਸ਼ਾਹੀਆਂ ਬਖ਼ਸ਼ ਦਿੱਤੀਆ ਹਨ। ਜੋ ਟੁੱਟੇ, ਉਨ੍ਹਾਂ ਨੂੰ ਟੁੱਟੇ ਹੀ ਰਹਿਣ ਦਿਓ। ਤੇਰੇ ਲਈ ਚਾਰ ਪਦਾਰਥ ਹਾਜ਼ਰ ਹਨ। ਭਾਈ ਮਹਾਂ ਸਿੰਘ ਨੇ ਕਿਹਾ- ਮੈਨੂੰ ਨਹੀਂ ਲੋੜ ਚਾਰ ਪਦਾਰਥਾਂ ਦੀ ਆਪਣੇ ਲਈ ਬਸ ਇਤਨੀ ਕ੍ਰਿਪਾ ਕਰੋ ਕਿ ਬੇਦਾਵਾ ਪਾੜ ਦਿਓ। ਬਖ਼ਸ਼ਿਸ਼ ਦੇ ਦਰਿਆ ਨੇ "ਕਾਗਜ਼ ਵਹੈ ਫਾੜ ਕੈ ਦੀਨਾ।"

ਉਥੇ ਹੀ ਸ਼ਹੀਦ-ਗੰਜ ਬਣਾਇਆ ਤੇ ਫ਼ੁਰਮਾਇਆ-

'ਮੁਕਤ ਭਏ ਸਭ ਹੀ ਵਹ ਪਿਆਰੇ॥੨੪੫॥"
ਸਿਰ ਦੇ ਜਬ ਮੁਕਤੇਸਵਰ ਲਰੇ ।
ਤਾ ਤੇ ਨਾਮ ਮੁਕਤਸਰ ਧਰੇ ॥੨੪੬॥ (ਅਧਿਆਇ ੨੨)

ਸ਼ਹੀਦ ਮੁਕਤਿਆਂ ਵਿਚ ਹੀ ਮਾਈ ਭਾਗੋ ਦੇ ਪਤੀ ਭਾਈ ਨਿਧਾਨ ਸਿੰਘ ਜੀ, ਜੇਠ ਭਾਈ ਸੁਲਤਾਨ ਸਿੰਘ ਅਤੇ ਭਰਾ ਭਾਈ ਭਾਗ ਸਿੰਘ ਜੀ ਵੀ ਸਨ ।

ਜੰਗਾਂ ਗੁਰੂ ਪਾਤਸ਼ਾਹ ਦੀਆਂ ਦਰਸਾ ਗਈਆਂ ਕਿ ਦੁਨੀਆਂ ਵਿਚ ਤਾਂ ਜੰਗਾਂ ਹੁੰਦੀਆਂ ਹਨ ਕੇਵਲ ਜ਼ਰ (ਦੌਲਤ-ਮਾਲ) ਲਈ, ਜਾਂ ਜ਼ਨ (ਔਰਤ) ਪਿੱਛੇ ਪਰ ਗੁਰੂ ਜੀ ਲੜੇ ਨਿਰੋਲ ਅਣਖ ਲਈ, ਕੌਮ ਦਾ ਸਿਰ ਉੱਚਾ ਰੱਖਣ ਲਈ ।

ਇਸ ਕੌਮ ਕੀ ਜ਼ਿੰਦਗੀ ਕਾ ਰਾਜ਼ ਮੁਜ਼ਮਰ* ਹੈ।
ਆਬੇ ਤੌਹੀਦ ਕੀ ਧੁਲੀ ਹੂਈ ਕ੍ਰਿਪਾਨੋ ਮੇਂ।
ਦੇਖ ਲੇਨਾ ਨਿਕਲ ਆਏਗੀ ਸਲਾਮਤ ਏਕ ਦਿਨ
ਇਸ ਨਾਉ ਨੇ ਪਰਵਰਸ਼ ਪਾਈ ਹੈ, ਤੂਫਾਨੋਂ ਮੇਂ।


www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1. ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।

੨. ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68607

3. ਚੰਡੀਗੜ੍ਹ, ਮੋਹਾਲੀ: ਭਾਈ ਫੌਜਿੰਦਰ ਸਿੰਘ ਜੀ 532/3-ਏ, ਮੋਹਾਲੀ। ਟੈਲੀਫੋਨ : 260569

4. ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5. ਖਰੜ, ਮੋਰਿੰਡਾ: ਭਾਈ ਅਜੀਤ ਸਿੰਘ ਜੀ, ਮਕਾਨ ਨੰ: 214, ਵਾਰਡ ਨੰ: 4, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀਫੋਨ : 01888-46036

6. ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ, 4969-ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।
3. ਭਾਈ ਪਰਮਜੋਤ ਸਿੰਘ ਰੁਮਾਲੇ ਵਾਲੇ ਗੁਰੂ ਰਾਮ ਦਾਸ ਨਗਰ ਸੁਲਤਾਨਵਿੰਡ ਰੋਡ ਨੇੜੇ ਗ੍ਰਹਿ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅੰਮ੍ਰਿਤਸਰ Tel .0183 -581509

7. ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ।

8. ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

੯. ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

10. ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
੨. ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ

11. ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ। ਫੋਨ : 217743

1੨. ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ।

13. ਸਰਹੰਦ: ਸ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

14. ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ।

15. ਬਟਾਲਾ :- ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡ।ਟੈਲੀ :46566

16. ਦਿੱਲੀ :- ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833

17. ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP. Tel : 01753-530624

18. ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

19. ਕੈਨੇਡਾ: ਭਾਈ ਰਿਪੁਦਮਨ ਸਿੰਘ, ਮਲਿਕ ਸਿੰਘ, ਫੋਨ : 18006630224

੨0. ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

੨1. ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

# ਆਉਣ ਵਾਲੇ ਕੀਰਤਨ ਸਮਾਗਮ

## ਪਿੰਡ ਕਾਹਮਾ (ਨਵਾਂ ਸ਼ਹਿਰ) ਵਿਖੇ ਰੈਣਿ ਸਬਾਈ ਕੀਰਤਨ ਸਮਾਗਮ

ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ 8 ਜਨਵਰੀ 2000 ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ।

**ਮਾਸਿਕ ਰੈਣਿ ਸਬਾਈ ਕੀਰਤਨ ਪਿੰਡ ਤਲਵੰਡੀ ਖੁਰਦ (ਲੁਧਿਆਣਾ) ਗੁ: ਸਾਹਿਬ ਵਿਖੇ 8 ਜਨਵਰੀ ਨੂੰ**

## ਦਸਮ ਪਾਤਸ਼ਾਹ ਦੇ ਆਗਮਨ ਪੁਰਬ ਦਾ ਕੇਂਦਰੀ ਸਮਾਗਮ ਲੁਧਿਆਣਾ ਵਿਖੇ।

ਪਿਛਲੇ ਸਾਲਾਂ ਦੀ ਤਰ੍ਹਾਂ ਹੀ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਮਿਤੀ 12,13,14 ਅਤੇ 15 ਜਨਵਰੀ ਨੂੰ ਸਵੇਰ ਸ਼ਾਮ ਦੇ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। 13 ਜਨਵਰੀ ਸਵੇਰ ਤੋਂ ਦੁਪਹਿਰ ਤੱਕ ਦੇ ਕੀਰਤਨ ਸਮਾਗਮ ਗੁ: ਦੂਖ ਨਿਵਾਰਨ ਸਾਹਿਬ, ਨੇੜੇ ਜਗਰਾਉਂ ਪੁਲ ਲੁਧਿਆਣਾ ਵਿਖੇ ਹੋਣਗੇ।14 ਜਨਵਰੀ ਗੁਰਪੁਰਬ ਵਾਲੇ ਦਿਨ ਦਿਵਸ ਸੁਹੇਲਾ ਅਤੇ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਾਰੇ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੀ ਹੋਣਗੇ। ਵੇਰਵੇ ਸਹਿਤ ਇਸ਼ਤਿਹਾਰ ਦਸੰਬਰ 1999 ਦੇ ਸੂਰਾ ਵਿਚ ਛੱਪ ਚੁੱਕਾ ਹੈ ਜੀ। ਦਰਸ਼ਨ ਦੀਦਾਰੇ ਬਖਸ਼ ਕੇ ਦਾਸਰਿਆਂ ਨੂੰ ਨਿਵਾਜੋ ਜੀ। ਸਮੂਹ ਪਾਠੀ ਅਤੇ ਕੀਰਤਨੀਏ ਵੀਰ ਭੈਣਾਂ ਇਸ ਸੂਚਨਾਂ ਨੂੰ ਹੀ ਸੱਦਾ ਪੱਤਰ ਮੰਨ ਕੇ ਆਪਣੇ ਪਹੁੰਚਣ ਦੀ ਸੂਚਨਾ ਦਾਸਰਿਆਂ ਨੂੰ ਦਿਉ ਜੀ। ਹੋਰ ਜੱਥਿਆਂ ਦੇ ਰੂਪ ਵਿਚ ਆਉਣ ਵਾਲੀਆ ਸੰਗਤਾਂ ਟੈਲੀਫੋਨ ਨੰਬਰ 430865 ਜਾਂ 428194 ਤੇ ਪਹਿਲਾਂ ਸੂਚਨਾਂ ਭੇਜਣ ਦੀ ਕ੍ਰਿਪਾ ਕਰੋ ਜੀ ਤਾਂ ਕਿ ਯੋਗ ਪ੍ਰਬੰਧ ਕੀਤਾ ਜਾ ਸਕੇ।

ਦਾਸਰੇ :- ਅਖੰਡ ਕੀਰਤਨੀ ਜੱਥਾ ਲੁਧਿਆਣਾ।

## ਪੰਚਮੀ ਦੇ ਮਾਸਿਕ ਜੋੜ ਮੇਲੇ ਤੇ ਰੈਣਿ ਸਬਾਈ ਕੀਰਤਨ

ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ 10 ਜਨਵਰੀ 2000 ਰਾਤ ਨੂੰ ਕੀਰਤਨ ਅਖਾੜ ਸਜਣਗੇ।

## ਪਿੰਡ ਝਾਂਡੇ (ਲੁਧਿਆਣਾ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਡਾ: ਗੁਰਚਰਨ ਸਿੰਘ ਜੀ ਦੇ ਗ੍ਰਿਹਿ ਵਿਖੇ 6 ਫਰਵਰੀ ਐਤਵਾਰ ਸਵੇਰੇ 6 ਵਜੇ ਤੋਂ ਦੁਪਹਿਰ ਇਕ ਵਜੇ ਤਕ ਕੀਰਤਨ ਅਖਾੜੇ ਸਜਣਗੇ। ਦਰਸ਼ਨ ਦੇ ਕੇ ਕ੍ਰਿਤਾਰਥ ਕਰੋ ਜੀ।

## ਬਠਿੰਡਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

10 ਫਰਵਰੀ ਵੀਰਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ ਗੁ: ਸਿੰਘ ਸਭਾ ਬਠਿੰਡਾ ਵਿਖੇ। ਸ਼ਾਮ 5.30 ਤੋਂ 8.30 ਕੀਰਤਨ ਗੁ: ਥਰਮਲ ਕਲੋਨੀ ਵਿਖੇ।

11 ਫਰਵਰੀ ਸ਼ੁਕਰਵਾਰ ਸਵੇਰੇ 6 ਵਜੇ ਤੋਂ ਦੁਪਹਿਰ ਤੱਕ ਕੀਰਤਨ ਗੁ: ਕਿਲਾ ਮੁਬਾਰਕ ਵਿਖੇ। ਸ਼ਾਮ 5.30 ਤੋਂ 8.30 ਕੀਰਤਨ ਗੁ: N.F.L. ਕਲੋਨੀ ਵਿਖੇ।

12 ਫਰਵਰੀ ਸ਼ਨੀਵਾਰ ਸਵੇਰੇ 6 ਵਜੇ ਤੋਂ ਦੁਪਹਿਰ ਤੱਕ ਕੀਰਤਨ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ। ਸ਼ਾਮ ਸੋਦਰ ਉਪ੍ਰਤ ਰੈਣਿ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਵਿਖੇ ਹੋਣਗੇ।

ਪੁਛਗਿਛ ਟੈਲੀਫੋਨ : 0164-217743 ਦਾਸਰੇ :- ਅਖੰਡ ਕੀਰਤਨੀ ਜੱਥਾ ਬਠਿੰਡਾ।

## ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀ

ਜਿਨ੍ਹਾਂ ਪਾਠਕਾਂ ਦੇ ਚੰਦੇ ਅਕਤੂਬਰ ਜਾਂ ਨਵੰਬਰ ਵਿਚ ਖਤਮ ਹੁੰਦੇ ਹਨ ਅਤੇ ਉਹ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਮੇਂ ਨਵਿਆਉਂਦੇ ਹਨ। ਉਹ ਇਸ ਵਾਰੀ ਜਲੰਧਰ ਵਿਖੇ ਸਟਾਲ ਨਾ ਲਗ ਸਕਣ ਕਰਕੇ ਨਹੀਂ ਨਵਿਆ ਸਕੇ। ਉਹਨਾਂ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਜਨਵਰੀ ਤੱਕ ਉਹਨਾਂ ਦਾ ਸੂਰਾ ਬੰਦ ਨਹੀਂ ਕੀਤਾ ਜਾਏਗਾ ਉਹ ਆਪਣੇ ਚੰਦੇ ਲੁਧਿਆਣੇ ਵਿਖੇ ਪੋਹ ਸੁਦੀ ਸਪਤਮੀ ਦੇ ਸਮਾਗਮ ਜੋ ਇਸ ਬਾਰੀ 12 ਤੋਂ 15 ਜਨਵਰੀ ਤੱਕ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਰਚਾਏ ਜਾ ਰਹੇ ਹਨ ਤੇ ਜਮ੍ਹਾਂ ਕਰਵਾ ਦੇਣ ਜਾਂ ਆਪਣੇ ਨਜਦੀਕੀ ਸੇਵਾਦਾਰ ਪਾਸ ਪਹੁੰਚਾ ਦੇਣ। ਸੇਵਾਦਾਰਾਂ ਦੀ ਸੂਚੀ ਪੰਨਾ 45 ਤੇ ਛੱਪੀ ਹੈ।


www.AKJ.Org

## U.K. ਵਿਖੇ ਹੋਣ ਵਾਲੇ ਅਖੰਡ ਕੀਰਤਨ ਸਮਾਗਮ

1. ਦਸਮ ਪਾਤਸ਼ਾਹ ਦੇ ਆਗਮਨ ਪੁਰਬ ਸਬੰਧੀ ਕੀਰਤਨ ੭ ਜਨਵਰੀ ਨੂੰ ਡੈਨਮਾਰਕ ਵਿਖੇ।

੨. 8 ਜਨਵਰੀ ਸ਼ਾਮ 8 ਵਜੇ ਤੋਂ ਰਾਤ 12 ਤੱਕ ਕੀਰਤਨ Gurd. Arjan Dev ji. STANHOPE ROAD DERBY ਵਿਖੇ। ਪੁਛਗਿੱਛ ਭਾਈ ਬਹਾਦਰ ਸਿੰਘ 01332-608858

3. ਦਸਮ ਪਾਤਸ਼ਾਹ ਦੇ ਆਗਮਨ ਪੁਰਬ ਤੇ ਮਾਸਿਕ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸ਼ਨੀਵਾਰ ੨੨ ਜਨਵਰੀ ਨੂੰ Nanaksar Gurdwara Wellington St.Pleck Walsall ਵਿਖੇ ਹੋਰ ਜਾਣਕਾਰੀ ਲਈ ਭਾਈ ਸ਼ਿੰਗਾਰਾ ਸਿੰਘ 0121-5151722

ਨੋਟ :- ਸਾਊਥਾਲ ਅਤੇ ਸਲੋਹ ਤੋਂ ਕੋਚ ਜਾਵੇਗੀ। ਬਰੈਡਫਰੋਡ ਤੋਂ ਕੋਚ ਲਈ ਸੰਪਰਕ ਕਰੋ 01274-729302

4. ਭਾਈ ਜਰਨੈਲ ਸਿੰਘ ਜੀ ਲਮਿੰਗਟਨ ਸਪਾ ਅਤੇ ਪ੍ਰੀਵਾਰ ਵੱਲੋਂ ਬੀਬੀ ਗੁਰਮੇਲ ਕੌਰ ਦੀ ਯਾਦ ਵਿਚ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ 6 ਫਰਵਰੀ ਐਤਵਾਰ ਸਵੇਰ ਤੋਂ ਦੁਪਹਿਰ ਤੱਕ Singh Sabha Gurd. Cross Rd. Couentry ਵਿਖੇ।

5. ਮਾਸਿਕ ਰੈਣਿ ਸਬਾਈ ਕੀਰਤਨ 19 ਫਰਵਰੀ ਸ਼ਨੀਵਾਰ ਰਾਤ ਨੂੰ ਪਹਿਲੀ ਵਾਰੀ Chaple TOwn Gurd, Chaple Town Rd. Chapletown, Leeds ਵਿਖੇ

ਹੋਰ ਜਾਣਕਾਰੀ ਲਈ Tel. 01274-729302

ਸਾਊਥਾਲ ਅਤੇ ਸਲੋਹ ਦੀਆਂ ਸੰਗਤਾਂ ਕੋਚ ਲਈ ਸੰਪਰਕ ਕਰੋ ਜੀ ਭਾ: ਸਤਨਾਮ ਸਿੰਘ 0181-5714690

ਭਾ: ਉਂਕਾਰ ਸਿੰਘ-01753-572737

ਬ੍ਰਮਿੰਘਮ ਤੋਂ ਕੋਚ ਦੀ ਜਾਣਕਾਰੀ ਭਾ: ਅਮਨਦੀਪ ਸਿੰਘ- 07970846544

ਅਖੰਡ ਕੀਰਤਨੀ ਜੱਥਾ ਯੂ. ਕੇ..ਦੇ ਪ੍ਰੋਗਰਾਮ ਬੁੱਕ ਕਰਨ ਲਈ ਜਾਂ ਹੋਰ ਸਹਾਇਤਾ ਆਦਿ ਭੇਜਣ ਲਈ ਸੰਪਰਕ ਕਰੋ ਜੀ ਭਾਈ ਹਰਦੀਪ ਸਿੰਘ ਜੀ -01753-530624।

## To All U.K. Members

Every Person Who has Started to recieve The Sura Monthly Magazine for The Year 2000 Please could you kindly give donations to Bhai Hardip Singh Slough, Bhai Onkar Singh Slough A.K.J. UK 00441753530624 00441753572737

### ਅਤਿ ਜਰੂਰੀ ਬੇਨਤੀ

1. ਕਿਸੇ ਵੀ ਤਰ੍ਹਾਂ ਦੇ ਚਿੱਠੀ, ਪੱਤਰ ਜਾਂ ਹੋਰ ਛਪਣ ਸਮੱਗਰੀ ਭੇਜਣ ਸਮੇਂ ਆਪਣਾ ਨਾਮ ਅਤੇ ਪੂਰਾ ਪਤਾ ਸਾਫ਼ ਸਪਸ਼ਟ ਲਿਖੋ ਜੀ। ਨਾਮ ਪਤੇ ਤੋਂ ਬਗੈਰ ਕਿਸੇ ਵੀ ਪੱਤਰ ਤੇ ਵਿਚਾਰ ਨਹੀਂ ਹੋਵੇਗੀ ਜੀ।
੨. ਕੋਈ ਵੀ ਚਿੱਠੀ ਪੱਤਰ ਜਾਂ ਰਚਨਾ ਸਾਫ਼ ਸਪਸ਼ਟ ਲਿਖਾਈ ਵਿਚ ਲਿਖ ਕੇ ਭੇਜੋ ਜੀ ਤਾਂ ਕਿ ਸਮਝਣ ਵਿਚ ਕੋਈ ਭੁਲੇਖਾ ਨਾ ਲੱਗੇ।

### ਜ਼ਰੂਰੀ ਸੂਚਨਾ

ਸਾਰੇ ਪਾਠਕਾ ਪ੍ਰਤੀ ਬੇਨਤੀ ਹੈ ਕਿ ਕਿਸੇ ਵੀ ਤਰਾਂ ਦਾ ਚਿੱਠੀ ਪੱਤਰ ਭੇਜਣ ਸਮੇਂ ਵਧੇ ਹੋਏ ਡਾਕ ਖਰਚ ਦਰ ਅਨੁਸਾਰ ਪੂਰੀਆਂ ਟਿਕਟਾਂ ਲਗਾ ਕੇ ਭੇਜੋ ਜੀ। ਬੈਰੰਗ (ਬਿਨਾਂ ਟਿਕਟ ਤੋਂ) ਜਾਂ ਘੱਟ ਟਿਕਟਾਂ ਲੱਗੇ ਪੱਤਰ ਸੂਰਾ ਦਫ਼ਤਰ ਵੱਲੋਂ ਪ੍ਰਾਪਤ ਨਹੀਂ ਕੀਤੇ ਜਾਣਗੇ।

### ਨਵੇਂ ਸਾਲ ਦੀ ਜੰਤਰੀ ਅਤੇ ਗੁਰਪੁਰਬ

ਸਿੱਖ ਪੰਥ ਵਿਚ ਜੰਤਰੀ ਅਤੇ ਗੁਰਪੁਰਬਾਂ ਸਬੰਧੀ ਵਾਦਵਿਵਾਦ ਦਾ ਕੋਈ ਇਕ ਫੈਸਲਾ ਨਾ ਹੋਣ ਕਾਰਨ ਇਸ ਅੰਕ ਵਿਚ ਅਜੇ ਜੰਤਰੀ ਨਹੀਂ ਛਾਪੀ ਜਾ ਰਹੀ। ਜਦੋਂ ਵੀ ਪੰਥਕ ਤੌਰ ਤੇ ਇਸ ਸਬੰਧੀ ਕੋਈ ਫੈਸਲਾ ਹੋ ਗਿਆ, ਉਦੋਂ ਇਹ ਜੰਤਰੀ ਛਾਪੀ ਜਾਵੇਗੀ

ਸੰਪਾਦਕ

## ਕੀਰਤਨ ਸਰਗਰਮੀਆਂ

# ਅਖੰਡ ਕੀਰਤਨੀ ਜੱਥਾ ਯੂ. ਕੇ ਵੱਲੋਂ ਪਾਕਿਸਤਾਨ ਵਿਖੇ ਅਖੰਡ ਕੀਰਤਨ ਸਮਾਗਮ

ਨਨਕਾਣਾ ਸਾਹਿਬ (ਪਾਕਿਸਤਾਨ)- ਹਿੰਦੁਸਤਾਨ ਦੀ ਵੰਡ ਤੋਂ 53 ਸਾਲ ਬਾਅਦ ਇਸ ਵਾਰ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਅਖੰਡ ਕੀਰਤਨੀ ਜੱਥਾ ਯੂ. ਕੇ. ਵੱਲੋਂ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ੨੨ ਨਵੰਬਰ ਰਾਤ ਨੂੰ ਸਾਰੀ ਰਾਤ ਰੈਣਿ ਸਬਾਈ ਕੀਰਤਨ ਕੀਤਾ ਗਿਆ।

ਅਖੰਡ ਕੀਰਤਨੀ ਜੱਥੇ ਵਲੋਂ ੨੧ ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਰੱਖਿਆ ਗਿਆ ਅਤੇ ੨੨ ਨਵੰਬਰ ਦੀ ਰਾਤ ਨੂੰ ਜਨਮ ਅਸਥਾਨ ਦੇ ਨਾਲ ਬਣੀ ਸ਼ਹੀਦਾਂ ਦੀ ਯਾਦਗਾਰ 'ਤੇ ਇਤਿਹਾਸਕ ਰੈਣਿ ਸਬਾਈ ਕੀਰਤਨ ਹੋਏ। ਇਸ ਸਦੀ 'ਚ ਪਹਿਲੀ ਵਾਰ ਇਸ ਸਥਾਨ ਤੇ ਇਹ ਮਹਾਨ ਕੀਰਤਨ ਦਰਬਾਰ ਹੋਇਆ।

੨੩ ਨਵੰਬਰ ਨੂੰ ਨਨਕਾਣਾ ਸਾਹਿਬ ਵਿਖੇ ਵਿਸ਼ਾਲ ਨਗਰ ਕੀਰਤਨ ਆਯੋਜਿਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਅਤਿ ਮਨਮੋਹਣੇ ਢੰਗ ਨਾਲ ਸਜਾਈ ਹੋਈ ਸੀ, ਜਿਸ ਦੀ ਗ੍ਰੰਥੀ ਦੀ ਸੇਵਾ ਭਾਈ ਜੋਗਿੰਦਰ ਸਿੰਘ ਲੈਸਟਰ ਵਾਲਿਆਂ ਨਿਭਾਈ। ਪੰਜ ਪਿਆਰਿਆਂ ਦੀ ਸੇਵਾ ਵੀ ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਭਾਈ ਜਰਨੈਲ ਸਿੰਘ ਭਾਈ ਭੁਪਿੰਦਰ ਸਿੰਘ, ਭਾਈ ਰਘਬੀਰ ਸਿੰਘ, ਭਾਈ ਸੋਹਨ ਸਿੰਘ ਅਤੇ ਭਾਈ ਪਾਲਾ ਸਿੰਘ ਨੇ ਨਿਭਾਈ। ਨਗਰ ਕੀਰਤਨ ਦਾ ਆਰੰਭ ਅਰਦਾਸ ਨਾਲ ਹੋਇਆ। ਤਕਰੀਬਨ 30000 ਸੰਗਤਾਂ ਦਾ ਠਾਠਾਂ ਮਾਰਦਾ ਦਰਿਆ ਆਪਣਾ ਵਿਲੱਖਣ ਰੂਪ ਪੇਸ਼ ਕਰ ਰਿਹਾ ਸੀ। ਜੱਥੇ ਦੇ ਨੌਜਵਾਨਾਂ ਨੇ ਗਤਕੇ ਦੇ ਜੌਹਰ ਵਿਖਾਏ। ਨਗਰ ਕੀਰਤਨ ਦੌਰਾਨ ਅਖੰਡ ਕੀਰਤਨੀ ਜੱਥੇ ਨੇ ਆਪਣੀ ਟਰਾਲੀ ਰਾਹੀਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਪੁਰਬ ਸਮਾਗਮਾਂ ਦੌਰਾਨ ਅਖੰਡ ਕੀਰਤਨੀ ਜੱਥਾ ਯੂ ਕੇ. ਵਲੋਂ ਵਿਸ਼ੇਸ਼ ਆਤਿਸ਼ਬਾਜ਼ੀ ਕੀਤੀ ਗਈ।

ਪਿਸ਼ਾਵਰ ਅਤੇ ਸਿੰਧ ਤੋਂ ਹਜ਼ਾਰਾਂ ਦੀ ਗਿਣਤੀ 'ਚ ਸਿੱਖ ਸੰਗਤਾਂ ਗੁਰਪੁਰਬ ਮੌਕੇ ਪੁੱਜੀਆਂ। ਅਖੰਡ ਕੀਰਤਨੀ ਜੱਥਾ ਯੂ. ਕੇ ਦੇ ਮੁੱਖ ਸੇਵਾਦਾਰ ਭਾਈ ਰਾਮਾ ਸਿੰਘ ਦੀ ਅਗਵਾਈ ਹੇਠ 80 ਤੋਂ ਵੱਧ ਸਿੰਘ ਸਿੰਘਣੀਆਂ ਦੋ ਹਫਤੇ ਦੀ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਗਏ ਸਨ, ਜਦਕਿ ਕੈਨੇਡਾ ਤੋਂ ਤਕਰੀਬਨ 60 ਸਿੱਖ, ਅਮਰੀਕਾ ਤੋਂ ਅਖੰਡ ਕੀਰਤਨੀ ਜੱਥੇ ਦੇ ੨5 ਮੈਂਬਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਕਰੀਬਨ 150-੨00 ਸੰਗਤਾਂ ਦਾ ਜੱਥਾ, ਅਤੇ ਸਿੰਘਾਪੁਰ ਤੇ ਮਲੇਸ਼ੀਆਂ ਤੋਂ ਕਾਫੀ ਸਿੱਖ ਪੁੱਜੇ ਹੋਏ ਸਨ। ਗੁਰਪੁਰਬ ਦਾ ਸਾਰਾ ਪ੍ਰਬੰਧ ਜੱਥੇ ਨੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕੀਤਾ। ਬਹੁਤ ਸਾਰਾ ਲਿਟਰੇਚਰ ਤੇ ਗੁਟਕੇ ਸੰਗਤਾਂ ਨੂੰ ਵੰਡੇ ਗਏ। ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਨਨਕਾਣਾ ਸਾਹਿਬ ਵਿਖੇ ਤਿਆਰ ਹੋ ਰਹੀ ਸਿੱਖ ਲਾਇਬਰੇਰੀ ਲਈ ਇਕ ਲੱਖ ਰੁਪਏ ਭੇਟ ਕੀਤੇ।
ਸਮਾਗਮਾਂ ਸਬੰਧੀ ਤਸਵੀਰਾਂ Title ਦੇ ਪਿਛਲੇ ਪੰਨਿਆਂ ਤੇ ਦੇਖੋ।।

---

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ- | ੨੦/- | ਦਰਸ਼ਨ ਸਿੰਘ ਧੰਨਾ | ੧੦੦/- |
| ਗੁਪਤ- | ੫੦/- | ਜਗਜੀਤ ਸਿੰਘ | ੧੦੦/- |
| ਸ੍ਰ:ਪ੍ਰੀਤਮ ਸਿੰਘ- | ੫੦/- | ਗੁਪਤ | ੨੦/- |
| ਦਵਿੰਦਰ ਸਿੰਘ ਪਟਿਆਲਾ | ੧੫/- | | |

## ਫ੍ਰੀ ਲਿਟ੍ਰੇਚਰ ਫੰਡ

| | | | |
|---|---|---|---|
| ਗੁਪਤ- | ੧੦੦/- | ਗੁਪਤ ਲੁਧਿਆਣਾ | ੧੦੦/- |
| ਗੁਰਸ਼ਰਨ ਸਿੰਘ ਦਿੱਲੀ | ੫੦/- | | |

---

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ :- ਮਾਇਆ ਸੂਰਾ ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-੨ ਜਾਂ ਸੂਰਾ ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।


www.AKJ.Org



ਬੇਦਾਵੀਏ ਸਿੰਘਾਂ ਦੀ ਟੁੱਟੀ ਗੰਢਵਾਉਣ ਵਾਲੇ ਮਾਈ ਭਾਗ ਕੌਰ ਜੀ ਮੁਕਤਸਰ ਦੀ ਜੰਗ ਵਿਚ ਜੂਝਦੇ ਹੋਏ

www.AKJ.Org

R.N.I. No. 12245/66 SURA Jan. 2000 P.O. Regd. No. PB/LD/121/99

# ਗੁਰਦੁਆਰਾ ਮੋਤੀ ਬਾਗ ਸਾਹਿਬ, ਦਿੱਲੀ



**ਦਸਮ ਪਾਤਸ਼ਾਹ ਦੀ ਤੀਰ ਅੰਦਾਜ਼ੀ ਵਿਚ ਪ੍ਰਵੀਨਤਾ ਦਾ ਲਖਾਇਕ**

ਗੁਰੂ ਸਾਹਿਬ ਨੇ ਆਪਣੇ ਦਿੱਲੀ ਪਹੁੰਚਣ ਦੀ ਖਬਰ ਇਸ ਅਸਥਾਨ ਤੋਂ ਤੀਰ ਨਾਲ ਚਿੱਠੀ ਟੁੰਗ ਕੇ, ਕਮਾਣ ਤੇ ਚਿੱਲਾ ਚਾੜ ਕੇ ਕਾਫ਼ੀ ਦੂਰ ਸਿੱਧੀ ਲਾਲ ਕਿਲੇ ਬਹਾਦਰ ਸ਼ਾਹ ਕੋਲ ਪਹੁੰਚਾਈ। ਬਹਾਦਰ ਸ਼ਾਹ ਗੁਰੂ ਸਾਹਿਬ ਦੀ ਤੀਰ ਅੰਦਾਜ਼ੀ ਦਾ ਹੁਨਰ ਦੇਖ ਕੇ ਅਚੰਭਿਤ ਰਹਿ ਗਿਆ।

SURA (Monthly) Kothi No. 12, Block-1. BHAI RANDHIR SINGH NAGAR, LUDHIANA-141 004

www.AKJ.Org